Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 117 | Wednesday, June 15, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਮੋਟਰਸਾਈਕਲ ਤੇ ਕਾਰ ਦੀ ਟੱਕਰ ਵਿੱਚ ਇੱਕ ਹਲਾਕ



ਟੋਰਾਂਟੋ, 14 ਜੂਨ (ਪੋਸਟ ਬਿਊਰੋ): ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਇੱਕ ਮੋਟਰਸਾਈਕਲ ਤੇ ਗੱਡੀ ਵਿਚਾਲੇ ਹੋਈ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਹ ਹਾਦਸਾ ਸ਼ੈਪਰਡ ਐਵਨਿਊ ਵੈਸਟ ਤੇ ਸੈਂਟੇਨੀਅਲ ਰੋਡ ਨੇੜੇ ਸ਼ਾਮੀਂ 6:15 ਵਜੇ ਦੇ ਨੇੜੇ ਤੇੜੇ ਵਾਪਰਿਆ। ਟੋਰਾਂਟੋਪੈਰਾਮੈਡਿਕਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੋਟਰਸਾਈਕਲਿਸਟ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਹਾਦਸੇ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਘਰੇਲੂ ਟਰੈਵਲ ਤੇ ਵਿਦੇਸ਼ ਜਾਣ ਵਾਲੇ ਟਰੈਵਲਰਜ਼ ਲਈ ਲਾਜ਼ਮੀ ਵੈਕਸੀਨੇਸ਼ਨ ਦੇ ਨਿਯਮ ਨੂੰ ਸਸਪੈਂਡ ਕਰੇਗੀ ਫੈਡਰਲ ਸਰਕਾਰ

ਓਟਵਾ, 14 ਜੂਨ (ਪੋਸਟ ਬਿਊਰੋ) : ਹੁਣ ਜਿਨ੍ਹਾਂ ਕੈਨੇਡੀਅਨਜ਼ ਵੱਲੋਂ ਵੈਕਸੀਨੇਸ਼ਨ ਨਹੀਂ ਕਰਵਾਈ ਗਈ ਉਨ੍ਹਾਂ ਕੋਲ ਟਰੈਵਲ ਸਬੰਧੀ ਹੋਰ ਬਦਲ ਵੀ ਜਲਦ ਹੀ ਮੌਜੂਦ ਹੋਣਗੇ। ਏਅਰਪੋਰਟ ਉੱਤੇ ਭੀੜ ਨੂੰ ਖ਼ਤਮ ਕਰਨ ਲਈ ਫੈਡਰਲ ਸਰਕਾਰ ਵੱਲੋਂ ਹੋਰ ਕਦਮ ਚੁੱਕਣ ਦਾ ਫੈਸਲਾ ਕੀਤਾ ਗਿਆ ਹੈ।

ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਜਹਾਜ਼ਾਂ ਤੇ ਰੇਲਗੱਡੀਆਂ ਰਾਹੀਂ ਘਰੇਲੂ ਟਰੈਵਲ ਤੋਂ ਇਲਾਵਾ ਵਿਦੇਸ਼ ਜਾਣ ਵਾਲੇ ਟਰੈਵਲਰਜ਼ ਵਾਸਤੇ ਕੈਨੇਡਾ ਕੋਵਿਡ-19 ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਮੁਲਤਵੀ ਕਰੇਗਾ।ਪਰ ਇਨ੍ਹਾਂ ਟਰੈਵਲਰਜ਼ ਲਈ ਮਾਸਕ ਵਾਲੇ ਨਿਯਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।ਅਲਘਬਰਾ ਨੇ ਆਖਿਆ ਕਿ ਸੰਕ੍ਰਮਣ ਨੂੰ ਰੋਕਣ ਦਾ ਮਾਸਕ ਵਧੀਆ ਜ਼ਰੀਆ ਹਨ। ਉਨ੍ਹਾਂ ਆਖਿਆ ਕਿ ਖਾਸਤੌਰ ਉੱਤੇ ਜਹਾਜ਼ਾਂ, ਟਰੇਨਜ਼ ਤੇ ਕਰੂਜ਼ ਸ਼ਿੱਪਸ ਉੱਤੇ, ਜਿੱਥੇ ਥਾਂ ਕਾਫੀ ਘੱਟ ਹੁੰਦੀ



ਹੈ, ਮਾਸਕ ਕਾਫੀ ਕਾਰਗਰ ਸਿੱਧ ਹੁੰਦੇ ਹਨ।

ਏਅਰਪੋਰਟਸ ਉੱਤੇ ਸਟਾਫ ਦੀ ਘਾਟ ਕਾਰਨ ਲੱਗਣ ਵਾਲੀਆਂ ਲੰਮੀਆਂ ਲਾਈਨਾਂ ਤੇ ਪਿਛਲੇ ਕੁੱਝ ਮਹੀਨਿਆਂ ਤੋਂ ਏਅਰਪੋਰਟਸ ਉੱਤੇ ਹੋ ਰਹੀ ਦੇਰੀ ਕਾਰਨ ਟਰੈਵਲਰਜ਼ ਨੂੰ ਹੋ ਰਹੀ ਪਰੇਸ਼ਾਨੀ ਨੂੰ ਧਿਆਨ ਵਿੱਚ ਰੱਖਕੇ ਇਹ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।ਪਰ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨੀਕ ਲੀਬਲਾਂਕ ਨੇ ਆਖਿਆ ਕਿ ਇਹ ਫੈਸਲਾ ਏਅਰਪੋਰਟਸ ਉੱਤੇ ਬਣ ਰਹੇ ਹਾਲਾਤ ਕਾਰਨ ਨਹੀਂ ਸਗੋਂ ਸਾਇੰਸ ਦੇ ਆਧਾਰ ਉੱਤੇ ਲਿਆ ਜਾ ਰਿਹਾ ਹੈ।

ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਹ ਤਬਦੀਲੀਆਂ ਇਸ ਲਈ ਵੀ ਕੀਤੀਆਂ ਜਾ ਰਹੀਆਂ ਹਨ ਕਿਉਂਕਿ 2020 ਵਿੱਚ ਮਹਾਂਮਾਰੀ ਦੇ ਚੱਲਦਿਆਂ ਜਾਰੀ ਕੀਤੇ ਨਿਯਮਾਂ ਤੋਂ ਬਾਅਦ ਹੁਣ ਹਾਲਾਤ ਸੁਧਰ ਰਹੇ ਹਨ।

ਵੈਕਸੀਨੇਸ਼ਨ ਸਬੰਧੀ ਨਿਯਮਾਂ ਨੂੰ ਸਸਪੈਂਡ ਕਰਨ ਦਾ ਇਹ ਫੈਸਲਾ 20 ਜੂਨ ਨੂੰ ਪ੍ਰਭਾਵੀ ਹੋਵੇਗਾ। ਪਰ ਲਾਜ਼ਮੀ ਵੈਕਸੀਨੇਸ਼ਨ ਦਾ ਇਹ ਨਿਯਮ ਕਰੂਜ਼ ਸ਼ਿੱਪਸ ਤੇ ਕੈਨੇਡਾ ਦਾਖਲ ਹੋਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਜਾਰੀ ਰਹੇਗਾ। ਫੈਡਰਲ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਕੈਨੇਡਾ ਪਰਤਣ ਵਾਲੇ ਅਨਵੈਕਸੀਨੇਟਿਡ ਕੈਨੇਡੀਅਨਜ਼ ਲਈ ਕੁਆਰਨਟੀਨ ਤੇ ਟੈਸਟਿੰਗ ਦੀਆਂ ਸ਼ਰਤਾਂ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ। ਲੀਬਲਾਂਕ ਨੇ ਆਖਿਆ ਕਿ ਜੇ ਵਾਇਰਸ ਕਾਰਨ ਹਾਲਾਤ ਬਦਲਦੇ ਹਨ ਤਾਂ ਸਰਕਾਰ ਇਨ੍ਹਾਂ ਸ਼ਰਤਾਂ ਨੂੰ ਮੁੜ ਲਾਗੂ ਕਰ ਸਕਦੀ ਹੈ।

ਸਰਕਾਰ ਫੈਡਰਲ ਪੱਧਰ ਉੱਤੇ ਨਿਯੰਤਰਿਤ ਵਰਕਰਜ਼ ਲਈ ਵੀ ਵੈਕਸੀਨ ਸਬੰਧੀ ਨਿਯਮਾਂ ਨੂੰ ਖ਼ਤਮ ਕਰਨ ਜਾ ਰਹੀ ਹੈ। ਇਨ੍ਹਾਂ ਵਿੱਚ ਉਹ ਮੁਲਾਜ਼ਮ ਸ਼ਾਮਲ ਹੋਣਗੇ ਜਿਹੜੇ ਪਬਲਿਕ ਸਰਵਿਸ ਵਿੱਚ ਹਨ, ਆਰਸੀਐਮਪੀ, ਟਰਾਂਸਪੋਰਟ ਵਰਕਰਜ਼-ਜਿਨ੍ਹਾਂ ਵਿੱਚ ਟਰੱਕਰਜ਼ ਵੀ ਸ਼ਾਮਲ ਹਨ।ਕ੍ਰਾਊਨ ਕਾਰਪੋਰੇਸ਼ਨਾਂ ਤੇ ਹੋਰਨਾਂ ਏਜੰਸੀਆਂ ਨੂੰ ਵੀ ਇਨ੍ਹਾਂ ਨਿਯਮਾਂ ਨੂੰ ਹਟਾਉਣ ਦੀ ਹਦਾਇਤ ਕੀਤੀ ਗਈ ਹੈ।

## ਗਵਰਨਰ ਜਨਰਲ ਦੇ ਮਿਡਲ ਈਸਟ ਦੌਰੇ ਦੌਰਾਨ ਸਿਰਫ ਹਵਾਈ ਸਫਰ ਉੱਤੇ ਖਰਚ ਹੋਏ 100,000 ਡਾਲਰ

ਓਟਵਾ, 14 ਜੂਨ (ਪੋਸਟ ਬਿਊਰੋ) : ਗਵਰਨਰ ਜਨਰਲ ਮੈਰੀ ਸਾਈਮਨ ਤੇ ਉਨ੍ਹਾਂ ਦੇ ਮਹਿਮਾਨਾਂ ਵੱਲੋਂ 16 ਤੋਂ 24 ਮਾਰਚ ਤੱਕ ਮਿਡਲ ਈਸਟ ਤੱਕ ਤੇ ਉੱਥੋਂ ਕਈ ਹੋਰਨਾਂ ਥਾਂਵਾਂ ਲਈ ਕੀਤੇ ਗਏ ਸਫਰ ਉੱਤੇ 100,000 ਡਾਲਰ ਖਰਚ ਕੀਤੇ ਗਏ। ਇਹ ਸਾਰੀ ਰਕਮ ਸਰਕਾਰੀ ਖਜ਼ਾਨੇ ਵਿੱਚੋਂ ਅਦਾ ਕੀਤੀ ਗਈ।

ਕੰਜ਼ਰਵੇਟਿਵ ਐਮਪੀ ਮਾਈਕਲ ਬੈਰੇਟ ਵੱਲੋਂ ਪੇਸ਼ ਕੀਤੇ ਗਏ ਆਰਡਰ ਪੇਪਰ ਸਵਾਲ ਅਨੁਸਾਰ ਸਾਈਮਨ ਤੇ ਉਨ੍ਹਾਂ ਦੇ 29 ਮਹਿਮਾਨ ਮਾਰਚ ਵਿੱਚ ਸਰਕਾਰ ਦੇ ਸੀਸੀ-150 ਪੋਲਾਰਿਸ ਜਹਾਜ਼ ਉੱਤੇ ਲੰਡਨ, ਸੰਯੁਕਤ ਅਰਬ ਅਮੀਰਾਤ, ਕਤਰ, ਕੁਵੈਤ ਗਏ ਤੇ ਉੱਥੋਂ ਵਾਪਿਸ ਆਏ। ਇਸ ਦੌਰੇ ਉੱਤੇ 93,117.89 ਡਾਲਰ ਖਰਚ ਹੋਏ। ਇਸ ਟਰਿੱਪ ਦੌਰਾਨ ਸਾਈਮਨ ਦੁਬਈ ਵਿੱਚ ਐਕਸਪੋ 2020 ਉੱਤੇ ਮੁੱਖ ਮਹਿਮਾਨ ਸੀ। ਸਾਈਮਨ ਵੱਲੋਂ ਇਸ ਦੌਰਾਨ ਕੁਵੈਤ ਵਿੱਚ ਸਥਿਤ ਅਲੀ ਅਲ ਸਾਲੇਮ ਏਅਰ ਬੇਸ ਵਿਖੇ ਕੈਂਪ ਕੈਨੇਡਾ ਦਾ ਦੌਰਾ ਵੀ ਕੀਤਾ ਗਿਆ ਤੇ ਉਹ ਕਤਰ ਵਿੱਚ ਅਲ ਉਦੈਦ ਏਅਰ ਬੇਸ ਉੱਤੇ ਕੈਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰਾਂ ਨੂੰ ਮਿਲਣ ਵੀ ਗਈ। ਬੈਰੇਟ ਵੱਲੋਂ ਸਰਕਾਰ ਤੋਂ ਇਹ ਮੰਗ ਵੀ ਕੀਤੀ ਗਈ ਕਿ ਉਹ ਪਹਿਲੀ ਦਸੰਬਰ, 2021 ਤੇ 26 ਅਪਰੈਲ 2022 ਦਰਮਿਆਨ ਸੀਸੀ-150 ਪੋਲਾਰਿਸ ਵੱਲੋਂ ਭਰੀਆਂ ਗਈਆਂ ਉਡਾਨਾਂ ਦਾ ਵੇਰਵਾ ਵੀ ਦੇਵੇ ਜਿਸ ਵਿੱਚ ਇਹ ਦੱਸਿਆ ਜਾਵੇ ਕਿ ਇਸ ਦੌਰਾਨ ਕਿੰਨਾ ਫਿਊਲ ਖਰਚ ਹੋਇਆ ਤੇ ਫਿਊਲ ਉੱਤੇ ਕਿੰਨੀ



ਰਕਮ ਖਰਚ ਕੀਤੀ ਗਈ।

ਬੈਰੇਟ ਨੇ ਆਖਿਆ ਕਿ ਜਿਸ ਸਮੇਂ ਕੈਨੇਡੀਅਨਜ਼ ਦੇ ਟਰੈਵਲ ਕਰਨ ਉੱਤੇ ਪਾਬੰਦੀ ਸੀ ਤੇ ਉਨ੍ਹਾਂ ਨੂੰ ਜੂਨ ਗੁਜ਼ਾਰੇ ਲਈ ਸੰਕਟ ਵਿੱਚੋਂ ਲੰਘਣਾਂ ਪੈ ਰਿਹਾ ਸੀ ਅਜਿਹੇ ਵਿੱਚ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਕੌਮਾਂਤਰੀ ਟਰੈਵਲ ਉੱਤੇ ਕਿੰਨਾਂ ਖਰਚਾ ਕੀਤਾ ਜਾ ਰਿਹਾ ਸੀ ਇਸ ਬਾਰੇ ਅਸੀਂ ਸਰਕਾਰ ਤੋਂ ਪਾਰਦਰਸ਼ਤਾ ਦੀ ਉਮੀਦ ਕਰਦੇ ਹਾਂ। ਇਸ ਟਰਿੱਪ ਦੌਰਾਨ ਫਿਊਲ ਉੱਤੇ 248,127.02 ਡਾਲਰ ਖਰਚ ਕੀਤੇ ਗਏ।

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ 58 ਹੋਰਨਾਂ ਅਧਿਕਾਰੀਆਂ ਵੱਲੋਂ 5 ਮਾਰਚ ਤੇ 11 ਮਾਰਚ ਨੂੰ ਲੰਡਨ, ਰੀਗਾ, ਬਰਲਿਨ, ਵਾਰਸਾਅ ਤੇ ਵਾਪਿਸ ਕੈਨੇਡਾ ਆਉਣ ਉੱਤੇ 57,401.56 ਡਾਲਰ ਖਰਚ ਕੀਤੇ ਗਏ। ਇਸ ਦੌਰਾਨ ਫਿਊਲ ਦਾ ਬਿੱਲ 195,265.47 ਡਾਲਰ ਬਣਿਆ।

...ਬਾਕੀ ਪੰਨਾ 4 'ਤੇ

## ਪਾਸਪੋਰਟ ਹਾਸਲ ਕਰਨ ਲਈ ਲੰਮੀਂ ਉਡੀਕ ਨੂੰ ਘਟਾਉਣ ਵੱਲ ਵਧੇਰੇ ਧਿਆਨ ਦੇ ਰਹੀ ਹੈ ਸਰਕਾਰ

ਓਟਵਾ, 14 ਜੂਨ (ਪੋਸਟ ਬਿਊਰੋ) : ਪਾਸਪੋਰਟ ਆਫਿਸਿਜ਼ ਨੂੰ ਅਜੇ ਵੀ ਅਰਜ਼ੀਆਂ ਦੀ ਵੱਡੀ ਗਿਣਤੀ ਨਾਲ ਸਿੱਝਣਾ ਪੈ ਰਿਹਾ ਹੈ। ਸਬੰਧਤ ਮੰਤਰੀ ਦਾ ਕਹਿਣਾ ਹੈ ਕਿ ਐਨੇ ਲੰਮੇਂ ਉਡੀਕ ਸਮੇਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਕਰੀਨਾ ਗੋਲਡ ਦਾ ਕਹਿਣਾ ਹੈ ਕਿ ਇਨ੍ਹਾਂ ਉਡੀਕ ਸਮਿਆਂ ਨੂੰ ਖ਼ਤਮ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਪਰ ਉਹ ਅਜੇ ਇਹ ਨਹੀਂ ਆਖ ਸਕਦੇ ਕਿ ਹਾਲਾਤ ਕਦੋਂ ਆਮ ਵਰਗੇ ਹੋਣਗੇ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ 72 ਫੀ ਸਦੀ ਕੈਨੇਡੀਅਨ ਭਾਵੇਂ ਕਿਸੇ ਵੀ ਰੂਪ ਵਿੱਚ ਪਾਸਪੋਰਟ ਅਪਲਾਈ



ਕਰਦੇ ਹਨ ਉਨ੍ਹਾਂ ਨੂੰ 40 ਕੰਮ ਵਾਲੇ ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਦਾ ਪਾਸ-ਪੋਰਟ ਮਿਲ ਜਾਵੇਗਾ ਜਦਕਿ 96 ਫੀ ਸਦੀ ਲੋਕਾਂ, ਜਿਨ੍ਹਾਂ ਨੇ ਨਿਜੀ ਤੌਰ ਉੱਤੇ ਆਪਣੀ ਅਰਜ਼ੀ ਜਮ੍ਹਾਂ ਕਰਵਾਈ ਹੋਵੇਗੀ, ਨੂੰ 10 ਕੰਮ ਵਾਲੇ ਦਿਨਾਂ ਵਿੱਚ ਪਾਸਪੋਰਟ ਮਿਲ ਜਾਵੇਗਾ।

ਸਰਕਾਰ ਆਪਣੀ ਵੈੱਬਸਾਈਟ ਪਾਸਪੋਰਟ ਆਫਿਸ ਵਿੱਚ ਕੀਤੀ ਗਈ ਵਿਜ਼ਿਟ ਦੇ ਅੰਦਾਜ਼ਨ ਉਡੀਕ ਦੇ ਸਮੇਂ ਨੂੰ ਵੀ ਅਪਡੇਟ ਕਰੇਗੀ ਤਾਂ ਕਿ ਲੋਕ ਉਸ ਹਿਸਾਬ ਨਾਲ ਪਲੈਨ ਕਰ ਸਕਣ। ਗੋਲਡ ਨੇ ਆਖਿਆ ਕਿ ਉਨ੍ਹਾਂ ਦਾ ਵਿਭਾਗ ਹੋਰ ਤਬਦੀਲੀਆਂ ਕਰਨ ਬਾਰੇ ਵੀ ਵਿਚਾਰ ਕਰ ਰਿਹਾ ਹੈ। ਇਸ ਵਿੱਚ ਅਰਜ਼ੀਆਂ ਨੂੰ ਆਨਲਾਈਨ ਕਰਨ ਦੀ ਪ੍ਰਕਿਰਿਆ ਵੀ ਸ਼ਾਮਲ ਹੋਵੇਗੀ।ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਡਿਪਾਰਟਮੈਂਟ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਨਾਲ ਰਲ ਕੇ ਵੀ ਕੰਮ ਕਰ ਰਿਹਾ ਹੈ ਤਾਂ ਕਿ ਵਿਚਲਾ ਰਾਹ ਕੱਢਿਆ ਜਾ ਸਕੇ ਜਿਸ ਨਾਲ ਲੋਕਾਂ ਨੂੰ ਸਿਟੀਜ਼ਨਸ਼ਿਪ ਦੇਣ ਸਮੇਂ ਹੀ ਪਾਸਪੋਰਟ ਵੀ ਦੇ ਦਿੱਤੇ ਜਾਇਆ ਕਰਨ ਤਾਂ ਕਿ ਉਨ੍ਹਾਂ ਨੂੰ ਇਸ ਲਈ ਵੱਖਰੀ ਅਰਜ਼ੀ ਨਾ ਦੇਣੀ ਪਵੇ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਭਖ ਪਿਆ ਕਹਿੰਦੇ ਹਨ ਚੋਣ ਪ੍ਰਚਾਰ ਤਕੜਾ,
ਆ ਗਿਆ ਚਰਚਿਆਂ ਵਿੱਚ ਸੰਗਰੂਰ ਮਿੱਤਰ।
ਹਰ ਕੋਈ ਹੋਰਾਂ ਵੱਲ ਦੋਸ਼ਾਂ ਦੀ ਕਰੇ ਵਾਛੜ,
ਆਪਣਾ ਮੰਨਿਆ ਨਹੀਂ ਕਦੀ ਕਸੂਰ ਮਿੱਤਰ।
ਸੁਣੀਏ ਜੀਹਨੂੰ ਵੀ, ਦਾਅਵਾ ਹੈ ਕਰੀ ਜਾਂਦਾ,
ਅਸੀਂ ਹੀ ਜਿੱਤਣੀ ਇਹ ਸੀਟ ਜਰੂਰ ਮਿੱਤਰ।
ਨਾਲ ਉਹ ਆਖ ਰਿਹਾ ਪੁੱਛ ਲਓ ਵੋਟਰਾਂ ਤੋਂ,
ਮਿਲ ਗਿਆ ਸਾਨੂੰ ਤਾਂ ਸਾਥ ਭਰਪੂਰ ਮਿੱਤਰ।
ਰੋਜ਼ੀਰੋਟੀ ਲਈ ਚਿੰਤਾ ਵਿੱਚ ਪਿਆ ਵੋਟਰ,
ਇਨ੍ਹਾਂ ਗੱਲਾਂ ਲਈ ਨਿਕਲਦਾ ਸਮਾਂ ਨਹੀਂਉਂ।
ਜਿੱਤ ਜਾਏ ਕੋਈ ਜਾਂ ਹਾਰ ਵੀ ਜਾਏ ਕੋਈ,
ਛੱਡਣਾ ਆਦਮੀ ਆਮ ਫਿਰ ਗਮਾਂ ਨਹੀਂਉਂ।

**ਤੀਸ ਮਾਰ ਖਾਂ**

# ਸਖ਼ਤ ਸੁਰੱਖਿਆ ਪ੍ਰਬੰਧਾਂ ਵਿੱਚ ਲਾਰੈਂਸ ਬਿਸ਼ਨੋਈ ਨੂੰ ਪੰਜਾਬ ਲਿਆਂਦਾ ਗਿਆ

*** ਲੰਮੀ ਕਾਰਵਾਈ ਪਿੱਛੋਂ ਅਦਾਲਤ ਨੇ ਟਰਾਂਜ਼ਿਟ ਰਿਮਾਂਡ ਦਿੱਤਾ * ਤੜਕੇ ਮਾਨਸਾ ਦੀ ਅਦਾਲਤ ਵਿੱਚ ਪੇਸ਼, 7 ਦਿਨਾਂ ਰਿਮਾਂਡ ਮਿਲਿਆ**

ਚੰਡੀਗੜ੍ਹ, 15 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲਕਾਂਡ ਵਿੱਚ ਪੁੱਛਗਿੱਛ ਲਈ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਅੱਜ ਰਾਤ ਪੰਜਾਬ ਪੁਲਸ ਸਖ਼ਤ ਸੁਰੱਖਿਆ ਪ੍ਰਬੰਧਾਂ ਵਿੱਚ ਪੰਜਾਬ ਲੈ ਆਈ ਹੈ।ਉਸ ਦੀ ਸੁਰੱਖਿਆ ਲਈ ਪੰਜਾਬ ਪੁਲਸ ਦੇ 50 ਦੇ ਕਰੀਬ ਮੁਲਾਜ਼ਮ ਅਤੇ ਦੋ ਬੁਲਟ ਪਰੂਫ਼ ਗੱਡੀਆਂ ਲਾਈਆਂ ਗਈਆਂ ਸਨ ਅਤੇ ਇਸ ਦੌਰਾਨ ਅਦਾਲਤ ਦੇ ਹੁਕਮ ਕਾਰਨ ਸਾਰੇ ਰਸਤੇ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ ਹੈ। ਮਾਨਸਾ ਵਿੱਚ ਪੁੱਜਦੇ ਸਾਰ ਤੜਕੇ ਚੀਫ ਜੁਡੀਸ਼ਲ ਮੈਜਿਸਟਰੇਟ ਕੋਲ ਪੇਸ਼ ਕਰ ਕੇ ਰਿਮਾਂਡ ਦੀ ਮੰਗ ਕੀਤੀ ਤਾਂ ਜੱਜ ਨੇ ਲਾਰੈਂਸ ਬਿਸ਼ਨੋਈ ਦਾ ਸੱਤ ਦਿਨ ਦਾ ਪੁਲਸ ਰਿਮਾਂਡ ਦਿੱਤਾ ਹੈ, ਜਿਸ ਪਿੱਛੋਂ ਉਹ ਮਾਨਸਾ ਪੁਲਸ ਦੇ ਕੋਲ ਹੈ।

ਇਸ ਤੋਂ ਪਹਿਲਾਂ ਅੱਜ ਪੰਜਾਬ ਦੇ ਐਡਵੋਕੇਟ ਜਨਰਲ ਰਤਨ ਸਿੱਧੂ ਨੇ ਦਿੱਲੀ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਪੁੱਛ-ਗਿੱਛ ਲਈ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਟਰਾਂਜ਼ਿਟ ਰਿਮਾਂਡ ਮੰਗਿਆ ਤਾਂ ਬਿਸ਼ਨੋਈ ਦੇ ਵਕੀਲ ਨੇ ਸ਼ੱਕ ਪ੍ਰਗਟ ਕੀਤਾ ਕਿ ਪੰਜਾਬ ਪੁਲਸ ਉਸ ਨੂੰ ਝੂਠਾ ਪੁਲਸ ਮੁਕਾਬਲਾ ਬਣਾ ਕੇ ਮਾਰ ਸਕਦੀ ਹੈ। ਪੰਜਾਬ ਪੁਲਸ ਨੇ ਸ਼ੱਕ ਰੱਦ ਕਰ ਕੇ ਕਿਹਾ ਕਿ ਬਿਸ਼ਨੋਈ ਦੀ ਸਖ਼ਤ ਸੁਰੱਖਿਆ ਰੱਖੀ ਜਾਵੇਗੀ। ਇਸ ਪਿੱਛੋਂ ਪਟਿਆਲਾ ਹਾਊਸ ਅਦਾਲਤ ਨੇ ਪੰਜਾਬ ਪੁਲਸ ਨੂੰ ਉਸ ਦਾ ਇੱਕ ਦਿਨਾ ਟਰਾਂਜ਼ਿਟ ਰਿਮਾਂਡ ਦਿੱਤਾ। ਪੰਜਾਬ ਪੁਲ-ਸਨੇਰਾਮ ਮਨੋਹਰ ਲੋਹੀਆ ਹਸਪਤਾਲਤੋਂਬਿਸ਼ਨੋਈ ਦਾ ਮੈਡੀਕਲ ਕਰਵਾਇਆ ਅਤੇ ਉਸ ਤੋਂ ਬਾਅਦ ਉਸ ਨੂੰ ਪੰਜਾਬ ਨੂੰ ਕੇ ਚੱਲ ਪਈ।



ਵਰਨਣ ਯੋਗ ਹੈ ਕਿ ਸਿੱਧੂਮੂਸੇਵਾਲਾ ਦੇ ਕਤਲਦੀ ਜ਼ਿੰਮੇਵਾਰੀ ਲੈ ਚੁੱਕੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਅੱਜ ਮੰਗਲਵਾਰ ਨੂੰ ਦਿੱਲੀ ਪੁਲਸ ਦੀ ਸਪੈਸ਼ਲ ਸੈੱਲ ਦੀ ਟੀਮ ਨੇ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ ਅਤੇ ਕੋਰਟ ਨੇ ਪੰਜਾਬ ਪੁਲਸ ਨੂੰ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ, ਪਰ ਟਰਾਂਜ਼ਿਟ ਰਿਮਾਂਡਓਦੋਂ ਦਿੱਤਾ, ਜਦੋਂ ਪੁਲਸ ਨੇ ਕੋਰਟਨੂੰ ਦੱਸਿਆ ਕਿ ਲਾਰੈਂਸ ਨੇ ਸਿੱਧੂਮੂਸੇਵਾਲਾ ਦੇ ਕਤਲ ਦਾ ਜੁਰਮ ਖ਼ੁਦ ਮੰਨਿਆ ਹੈ। ਪੰਜਾਬ ਪੁਲਸ ਨੇ ਕਿਹਾ ਕਿ ਕੈਨੇਡਾ ਵਿੱਚ ਰਹਿੰਦੇ ਗੋਲਡੀ ਬਰਾੜ ਨਾਲ ਸੰਗੀਨ ਅਪਰਾਧਾਂ ਵਿੱਚ ਲਾਰੈਂਸ ਦੀ ਸਾਂਝਹੈ ਤੇ ਇਸ ਦੀ ਜਾਂਚ ਲਈ ਉਸ ਦਾ ਟਰਾਂਜਿਟ ਰਿਮਾਂਡ ਚਾਹੀਦਾ ਹੈ। ਬਿਸ਼ਨੋਈ ਦੇ ਵਕੀਲ ਵਿਸ਼ਾਲ ਚੋਪੜਾ ਨੇ ਪੰਜਾਬ ਪੁਲਸ ਵੱਲੋਂ ਟਰਾਂਜ਼ਿਟ ਰਿਮਾਂਡ ਦੀ ਮੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਵਿੱਚਬਿਸ਼ਨੋਈ ਦੀ ਜਾਨ ਨੂੰ ਖ਼ਤਰਾ ਹੈ,ਉੱਥੇ ਝੂਠਾ ਮੁਕਾਬਲਾ ਬਣਾ ਕੇ ਉਸ ਨੂੰ ਮਾਰਿਆ ਜਾ ਸਕਦਾ ਹੈ।ਦਿੱਲੀ ਪੁਲਸ ਨੇ ਲਾਰੈਂਸ ਬਿਸ਼ਨੋਈ ਦੀ ਕਸਟਡੀ ਦੀ ਮੰਗ ਕਰਦਿਆਂ ਕਿਹਾ ਕਿ ਆਰ-ਮਜ਼ ਐਕਟ ਕੇਸ ਵਿੱਚ ਅਸੀਂ ਪੁੱਛ-ਗਿੱਛ ਕਰ ਰਹੇ ਹਾਂ, ਜਿਸ ਵਿੱਚ ਅਜੇ ਕੁਝ ਖਾਸ ਪਤਾ ਨਹੀਂ ਲੱਗ ਸਕਿਆ, ਇਸ ਕਰ ਕੇ ਦਿੱਲੀ ਪੁਲਸ ਲਈ ਉਸ ਦੀ ਕਸਟਡੀ ਹੋਰ ਵਧਾਈ ਜਾਵੇ, ਪਰ ਅਦਾਲਤ ਨਹੀਂ ਮੰਨੀ। ਇਸ ਪਿੱਛੋਂ ਪੰਜਾਬ ਪੁਲਸ ਨੂੰ ਲਾਰੈਂਸ ਬਿਸ਼ਨੋਈ ਦਾ ਟਰਾਂਜ਼ਿਟ ਰਿਮਾਂਡ ਦੇ ਦਿੱਤਾ ਗਿਆ।

ਅੱਜ ਬੁੱਧਵਾਰ ਤੜਕੇ ਪੰਜਾਬ ਦੇ ਮਾਨਸਾ ਵਿੱਚ ਪਹੁੰਚਦੇ ਸਾਰ ਮਾਨਸਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਦੇ ਅੱਗੇ ਪੇਸ਼ ਕਰ ਕੇ ਪੰਜਾਬ ਪੁਲਸ ਨੇ ਉਸ ਦੇ ਰਿਮਾਂਡ ਦੀ ਮੰਗ ਕੀਤੀ ਤਾਂ ਜੱਜ ਨੇ ਸੱਤ ਦਿਨਾਂ ਦਾ ਰਿਮਾਂਡ ਦੇ ਦਿੱਤਾ ਹੈ।

## ਮਿਸੀਸਾਗਾ ਵਿੱਚ ਹੋਈ ਕਾਰਜੈਕਿੰਗ ਤੋਂ ਬਾਅਦ 15 ਸਾਲਾ ਮਸ਼ਕੂਕ ਗ੍ਰਿਫਤਾਰ

ਮਿਸੀਸਾਗਾ, 14 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਤੜ੍ਹਕੇ ਹੋਈ ਹਿੰਸਕ ਕਾਰਜੈਕਿੰਗ ਦੇ ਸਬੰਧ ਵਿੱਚ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਸੋਮਵਾਰ ਨੂੰ ਪੀਲ ਰੀਜਨਲ ਪੁਲਿਸ ਨੂੰ ਮੇਡੋਵਾਲ ਨੇੜੇ ਡੈਰੀ ਰੋਡ ਤੇ ਹੁਰੋਂਨਤਾਰੀਓ ਸਟਰੀਟ ਉੱਤੇ ਤੜ੍ਹਕੇ 3:00 ਵਜੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਗੱਡੀ ਵਿੱਚ ਸਿਰਫ ਡਰਾਈਵਰ ਹੀ ਬੈਠਾ ਸੀ ਜਦੋਂ ਕਈ ਮਸ਼ਕੂਕਾਂ ਨੇ ਆ ਕੇ ਗੱਡੀ ਦੇ ਦਰਵਾਜ਼ੇ ਖਿੜਕੀਆਂ ਉੱਤੇ ਜ਼ੋਰ ਜ਼ੋਰ ਨਾਲ ਹੱਥ ਮਾਰ ਕੇ ਡਰਾਈਵਰ ਨੂੰ ਬਾਹਰ ਆਉਣ ਲਈ ਆਖਣਾ ਸ਼ੁਰੂ ਕਰ ਦਿੱਤਾ।

ਬਾਹਰ ਆਉਣ ਉੱਤੇ ਡਰਾਈਵਰ ਦੇ ਸਿਰ ਉੱਤੇ ਮੁੱਕਾ ਮਾਰਿਆ ਗਿਆ ਜਿਸ ਕਾਰਨ ਉਸ ਨੂੰ ਮਾਮੂਲੀ ਸੱਟ ਵੀ ਲੱਗੀ। ਫਿਰ ਮਸ਼ਕੂਕ ਗੱਡੀ ਵਿੱਚ ਦਾਖਲ ਹੋ ਕੇ ਗੱਡੀ ਭਜਾ ਕੇ ਲੈ ਗਏ। ਟੋਰਾਂਟੋ ਪੁਲਿਸ ਦੀ ਮਦਦ ਨਾਲ ਰਿਸਪਾਂਡਿੰਗ ਆਫੀਸਰਜ਼ ਇੱਕ ਮਸ਼ਕੂਕ ਨੂੰ ਲੱਭਣ ਵਿੱਚ




ਕਾਮਯਾਬ ਹੋ ਗਏ, ਉਸ ਨੂੰ ਟੋਰਾਂਟੋ ਵਿੱਚ ਹੀ ਫੜ੍ਹ ਲਿਆ ਗਿਆ। ਚੋਰੀ ਕੀਤੀ ਗਈ ਗੱਡੀ ਵੀ ਮਿਲ ਗਈ ਹੈ ਪਰ ਪੁਲਿਸ ਨੇ ਦੱਸਿਆ ਕਿ ਅਜੇ ਵੀ ਕਈ ਮਸ਼ਕੂਕ ਫਰਾਰ ਹਨ।

ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਨੂੰ ਡਾਕਾ ਮਾਰਨ ਤੇ ਜੁਰਮ ਨਾਲ ਹਾਸਲ ਕੀਤੀ ਪ੍ਰੌਪਰਟੀ ਰੱਖਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਬਾਅਦ ਵਿੱਚ ਟੀਨੇਜਰ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਉਸ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

## ਛੱਤੀਸਗੜ੍ਹ ਵਿੱਚ 10 ਸਾਲਾ ਬੱਚਾ 104 ਘੰਟਿਆਂ ਪਿੱਛੋਂ ਬੋਰਵੈੱਲ ਤੋਂ ਕੱਢਿਆ

ਰਾਏਪੁਰ, 14 ਜੂਨ, (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਜਾਂਜਗੀਰ-ਚੰਪਾ ਜ਼ਿਲ੍ਹੇ ਵਿੱਚਬੀਤੇ 5 ਦਿਨਾਂ ਤੋਂ 80 ਫੁੱਟ ਡੂੰਘੇ ਬੋਰਵੈੱਲ ਵਿੱਚ ਫਸੇ ਰਾਹੁਲ ਸਾਹੂ ਨਾਂਅ ਦੇ ਬੱਚੇ ਨੂੰ ਮੰਗਲਵਾਰ ਅੱਧੀ ਰਾਤ ਸੁਰੱਖਿਅਤ ਕੱਢ ਲਿਆ ਗਿਆ, ਜਿਸ ਪਿੱਛੋਂ ਉਸ ਨੂੰ ਤੁਰੰਤ ਆਕਸੀਜਨ ਸਪਲਾਈ ਦੇ ਕੇ ਐਂਬੂਲੈਂਸ ਵਿੱਚ ਹਸਪਤਾਲ ਲਿਜਾਇਆ ਗਿਆ।

ਵਰਨਣ ਯੋਗ ਹੈ ਕਿ ਇਹ ਬਚਾਅ ਕਾਰਜ ਬੀਤੇ 104 ਘੰਟਿਆਂ ਤੋਂ ਜਾਰੀ ਸਨ। ਰਾਹੁਲ ਨਾ ਬੋਲ ਸਕਦਾ ਅਤੇ ਨਾ



ਬਹੁਤਾ ਸੁਣ ਸਕਦਾ ਹੈ।ਉਸ ਦੀ ਬਚਾਅ ਮੁਹਿੰਮ ਵਿੱਚ ਓਡਿਸ਼ਾ ਦੀ ਐੱਸ ਡੀ ਆਰ ਐੱਫ(ਸਟੇਟ ਡਿਜ਼ਾਸਟਰ ਰਿਸਪਾਂਸ ਫੰਡ) ਟੀਮ ਤੇ ਫੌਜ ਨੇ ਮਦਦ ਕੀਤੀ ਹੈ। ਬੋਰਵੈੱਲਤੋਂ ਉਸ ਨੂੰ ਕੱਢ ਕੇ ਬਿਲਾਸਪੁਰ ਦੇ ਅਪੋਲੋ ਹਸਪਤਾਲ ਲਿਜਾਇਆ ਗਿਆ। ਉਸ ਦੇ ਪਿੰਡ ਤੋਂ ਬਿਲਾਸਪੁਰ ਕਰੀਬ 112 ਕਿਲੋਮੀਟਰ ਦੂਰ ਹੈ ਤੇ ਇਸ ਲਈ ਕਰੀਬ 3 ਘੰਟੇ ਲੱਗਣੇ ਸਨ, ਪਰ ਪ੍ਰਸ਼ਾਸਨ ਨੇ ਗ੍ਰੀਨ ਕੋਰੀਡੋਰਕਰ ਦਿੱਤਾ, ਜਿਸ ਨਾਲ ਡੇਢ-ਪੌਣੇ 2 ਘੰਟੇ ਵਿੱਚ ਅਪੋਲੋ ਹਸਪਤਾਲ ਪੁਚਾ ਦਿੱਤਾ ਗਿਆ।

ਬੀਤੇ ਸ਼ੁੱਕਰਵਾਰ ਦੁਪਹਿਰ 2 ਵਜੇ ਤੋਂ ਰਾਹੁਲ ਸਾਹੂ (10 ਸਾਲ) ਦਾ ਪਤਾ ਨਹੀਂ ਲੱਗ ਰਿਹਾ ਸੀਤਾਂਘਰ ਦੇ ਕੁਝ ਲੋਕ ਬਾੜੀ ਵੱਲ ਗਏ ਤਾਂ ਉਸ ਦੇ ਰੋਣ ਦੀ ਆਵਾਜ਼ ਆਈ। ਟੋਏ ਨੇੜੇ ਜਾ ਕੇ ਦੇਖਿਆ ਤਾਂ ਵਿੱਚੋਂ ਆਵਾਜ਼ ਆ ਰਹੀ ਸੀ। ਬੋਰਵੈੱਲ ਦਾ ਟੋਆ 80 ਫੁੱਟ ਡੂੰਘਾ ਹੈ। ਬੱਚਾ ਬੋਲ਼ਾ, ਮਾਨਸਿਕ ਤੌਰ ਉੱਤੇ ਕਮਜ਼ੋਰ ਹੋਣ ਕਾਰਨ ਸਕੂਲ ਵੀ ਨਹੀਂ ਜਾਂਦਾ ਤੇ ਘਰੇ ਰਹਿੰਦਾ ਸੀ।ਉਹ ਆਪਣੇ ਮਾਤਾ-ਪਿਤਾ ਦਾ ਵੱਡਾ ਪੁੱਤਰ ਹੈ।


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

**ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011**


## ਨੈਸ਼ਨਲ ਹੈਰਾਲਡ ਕੇਸ ਵਿੱਚ ਰਾਹੁਲ ਗਾਂਧੀ ਤੋਂ ਲਗਾਤਾਰ ਦੂਸਰੇ ਦਿਨ ਲੰਮੀ ਪੁੱਛਗਿੱਛ

ਨਵੀਂ ਦਿੱਲੀ, 14 ਜੂਨ, (ਪੋਸਟ ਬਿਊਰੋ)- ਕਾਂਗਰਸ ਦੇ ਭਾਰੀ ਸਿਆਸੀ ਵਿਰੋਧ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰਾਹੁਲ ਗਾਂਧੀ ਤੋਂ ਅੱਜ ਮੰਗਲਵਾਰ ਲਗਾਤਾਰ ਦੂਜੇ ਦਿਨ ਨੈਸ਼ਨਲ ਹੈਰਲਡ ਅਖ਼ਬਾਰ ਵਾਲੇ ਮਨੀ ਲਾਂਡਰਿੰਗ ਕੇਸ ਵਿਚ ਪੁੱਛਗਿੱਛ ਕੀਤੀ।ਇਸ ਪੁੱਛਗਿੱਛ ਨੂੰ ਕਾਂਗਰਸ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਸਿਆਸੀ ਬਦਲੇ ਦੀ ਭਾਵਨਾ ਨਾਲ ਤੰਗ ਕਰਨਾ ਕਰਾਰ ਦੇ ਕੇ ਦੂਸਰੇ ਦਿਨ ਵੀ ਪ੍ਰਦਰਸ਼ਨ ਕੀਤਾ।ਕਾਂਗਰਸ ਦੇ ਦੋਵੇਂ ਮੁੱਖ ਮੰਤਰੀਆਂ ਰਾਜਸਥਾਨ ਦੇ ਅਸ਼ੋਕ ਗਹਿਲੋਤ ਤੇ ਛੱਤੀਸਗੜ੍ਹ ਦੇ ਭੁਪੇਸ਼ ਬਘੇਲ ਅਤੇ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਤੇਵਰਕਿੰਗ ਕਮੇਟੀ ਮੈਂਬਰਾਂ ਤੱਕ ਨੇ ਰਾਹੁਲ ਗਾਂਧੀ ਦੇ ਸਮਰਥਨ ਵਿਚ ਸੜਕ ਉੱਤੇ ਸੰਘਰਸ਼ ਕੀਤਾ ਅਤੇ ਇਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਬੀਤੇ ਸੋਮਵਾਰ ਦੋ ਗੇੜਦੀ ਲਗਪਗ 11 ਘੰਟੇ ਪੁੱਛਗਿੱਛਮਗਰੋਂਈ ਡੀ ਨੇ ਰਾਹੁਲ ਗਾਂਧੀ ਨੂੰ ਅਗਲੇ ਦਿਨਮੁੜ ਕੇ ਆਉਣ ਨੂੰ ਕਹਿ ਦਿੱਤਾ ਸੀ।ਉਹ ਅੱਜ ਦੂਸਰੇ ਦਿਨ ਈ ਡੀ ਦਫ਼ਤਰ ਜਾਣ ਤੋਂ ਪਹਿਲਾਂ ਸਵੇਰੇ 10.30 ਵਜੇ ਛਾਉਣੀ ਬਣੇ ਪਏ ਕਾਂਗਰਸ ਦਫਤਰ 24 ਅਕਬਰ ਰੋਡ



ਪੁੱਜੇ, ਜਿੱਥੇ ਦੋ ਮੁੱਖ ਮੰਤਰੀਆਂ ਅਸ਼ੋਕ ਗਹਿਲੋਤ ਤੇ ਭੂਪੇਸ਼ ਬਘੇਲ ਸਣੇਕਾਂਗਰਸ ਦੇ ਬਹੁਤ ਸਾਰੇ ਨੇਤਾ ਈ ਡੀਦੀ ਸਿਆਸੀ ਵਰਤੋਂ ਖ਼ਿਲਾਫ਼ ਧਰਨਾ ਦੇ ਰਹੇ ਸਨ। ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵੀ ਰਾਹੁਲ ਦੇ ਨਾਲ ਸਨ।ਆਗੂਆਂ ਤੇ ਕਾਰਕੁੰਨਾਂ ਦੇ ਜੋਸ਼ ਅਤੇ ਸੰਘਰਸ਼ ਨੂੰ ਦੇਖ ਕੇ ਮੁਸਕਰਾਉਂਦੇ ਹੋਏ ਰਾਹੁਲ ਗਾਂਧੀ ਉੱਥੋਂ ਈ ਡੀ ਦਫ਼ਤਰ ਗਏ ਤਾਂ ਕਾਂਗਰਸੀ ਨੇਤਾ ਉਨ੍ਹਾਂ ਨਾਲ ਚੱਲਣ ਲੱਗੇ, ਪਰ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ।ਈ ਡੀ ਦਫ਼ਤਰ ਜਾਣ ਦੇ ਸਾਰੇ ਰਾਹਾਂ ਉੱਤੇਸੁਰੱਖਿਆਦੇ ਪ੍ਰਬੰਧ ਸਨ ਤੇ ਕਾਂਗਰਸੀ ਆਗੂਆਂ ਤੇ ਕਾਰਕੁੰਨਾਂ ਨੂੰ ਘੇਰ ਕੇ ਵੱਖ-ਵੱਖ ਥਾਣਿਆਂ ਵਿਚ ਭੇਜ ਦਿੱਤਾ ਗਿਆ। ਰਾਹੁਲ ਗਾਂਧੀ ਸਵੇਰੇ 11.05 ਵਜੇ ਈ ਡੀ ਦਫ਼ਤਰ ਪੁੱਜੇ ਅਤੇ ਚਾਰ ਘੰਟੇ ਤੋਂ ਵੱਧ ਪੁੱਛਗਿੱਛਮਗਰੋਂ ਕਰੀਬ 3.30 ਵਜੇ ਲੰਚ ਲਈ ਸਰਕਾਰੀ ਘਰ ਗਏ। ਕਰੀਬ ਇੱਕ ਘੰਟੇ ਬਾਅਦ 4.30 ਵਜੇ ਉਹ ਫਿਰ ਈ ਡੀ ਦਫ਼ਤਰ ਪਹੁੰਚ ਗਏ ਅਤੇ ਸ਼ਾਮ ਤੱਕ ਪੁੱਛਗਿੱਛ ਚੱਲਦੀ ਰਹੀ।


## ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

**Sponsor Your Family**



MacroGlobal Immigration Services Ltd.
Seema Bhayana
MEMBER ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



## SherGill Law Firm

Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca



## ਖਿੜਕੀਆਂ ਅਤੇ ਦਰਵਾਜੇ ਲਗਵਾਓ

Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

**ਅਸੀਂ ਪੇਂਟ ਵੀ ਕਰਦੇ ਹਾਂ**

24 ਘੰਟੇ ਤੁਹਾਡੀ ਸੇਵਾ ਵਿੱਚ

**CANADIAN GLASS AND WINDOW**


SINGH (TOCHI)
416-454-3031
647-784-8240
Email: tochisangha1@hotmail.com



## UK TRUCK TRAINING CENTRE

ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



→ Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

→ Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਰਾਸ਼ਟਰਪਤੀ ਚੋਣਾਂ: ਮਮਤਾ ਬੈਨਰਜੀ ਨਾਲ ਮੀਟਿੰਗ ਵਿੱਚ ਸ਼ਰਦ ਪਵਾਰ ਵੱਲੋਂ ਉਮੀਦਵਾਰ ਬਣਨ ਤੋਂ ਨਾਂਹ

ਨਵੀਂ ਦਿੱਲੀ, 14 ਜੂਨ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਖੱਬੇ ਪੱਖੀ ਲੀਡਰਾਂ ਨੇ ਮੰਗਲਵਾਰ ਨੂੰ ਐੱਨਸੀਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਰਾਸ਼ਟਰਪਤੀ ਚੋਣ ਲਈ ਵਿਰੋਧੀ ਪਾਰਟੀਆਂ ਦਾ ਸਾਂਝਾ ਉਮੀਦਵਾਰ ਬਣਨ ਨੂੰ ਕਿਹਾ, ਪਰ ਭਾਰਤੀ ਕਮਿਊਨਿਸਟ ਪਾਰਟੀ-ਮਾਰਕਸਵਾਦੀ (ਸੀਪੀਆਈ-ਐੱਮ) ਦੇ ਜਨਰਲਸੈਕਟਰੀ ਸੀਤਾਰਾਮ ਯੇਚੁਰੀ ਦੇ ਮੁਤਾਬਕਐੱਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਰਾਸ਼ਟਰਪਤੀ ਚੋਣ ਲਈ ਵਿਰੋਧੀ ਪਾਰਟੀਆਂ ਦਾ ਉਮੀਦਵਾਰ ਬਣਨ ਤੋਂ ਇਨਕਾਰ ਕਰ ਦਿੱਤਾ ਹੈ।

ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਨੇਤਾ ਸ਼ਰਦ ਪਵਾਰ ਨੇ ਸੀਤਾਰਾਮ ਯੇਚੁਰੀ, ਸੀਪੀਆਈ (ਭਾਰਤੀ ਕਮਿਊਨਿਸਟ ਪਾਰਟੀ) ਦੇ ਜਨਰਲ ਸੈਕਟਰੀ ਡੀ ਰਾਜਾ ਅਤੇ ਐੱਨ ਸੀ ਪੀ ਨੇਤਾਵਾਂ ਪ੍ਰਫੁੱਲ ਪਟੇਲ ਅਤੇ ਪੀਸੀ ਚਾਕੋ ਨਾਲ ਦਿੱਲੀਵਿੱਚ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਚੋਣ ਨਾ ਲੜਨ ਦੇ ਆਪਣੇ ਫੈਸਲੇ ਬਾਰੇ ਦੱਸਿਆ। ਯੇਚੁਰੀ ਨੇ ਕਿਹਾ, 'ਸ਼ਰਦ ਪਵਾਰ ਰਾਸ਼ਟਰਪਤੀ ਚੋਣ ਲਈ ਵਿਰੋਧੀ ਧਿਰ ਦਾ ਚਿਹਰਾ ਨਹੀਂ ਹੋਣਗੇ, ਹੋਰ ਨਾਵਾਂਦਾ ਵਿਚਾਰ ਚੱਲ ਰਿਹਾ ਹੈ।' ਇਸ ਦੌਰਾਨ ਵਿਰੋਧੀ ਧਿਰ ਦੇ ਸੂਤਰਾਂ ਨੇ ਕਿਹਾ ਕਿ ਪਵਾਰ ਏਦਾਂ ਦੀ ਚੋਣ ਲੜਨ ਲਈ ਤਿਆਰ ਨਹੀਂ, ਜਿਸ ਵਿੱਚ ਉਨ੍ਹਾਂ ਦਾ ਸਿਆਸੀ ਕਰੀਅਰ ਵਿੱਚ ਇਸ ਸਮੇਂ ਹਾਰਨਾ ਪੱਕਾ ਹੈ।ਮਮਤਾ ਬੈਨਰਜੀ ਗੈਰ-ਭਾਜਪਾ ਧਿਰਾਂ ਦੇ ਨੇਤਾਵਾਂ ਨਾਲ ਬੈਠਕ ਲਈ ਦਿੱਲੀ ਪੁੱਜੇ ਹਨ ਤੇ ਉਨ੍ਹਾਂ ਇਹ ਮੀਟਿੰਗ ਅਗਲੀ ਰਾਸ਼ਟਰਪਤੀ ਚੋਣਾਂ ਲਈ ਸਾਂਝੀ ਰਣਨੀਤੀ ਬਣਾਉਣ ਲਈ ਸੱਦੀ ਹੈ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਰਾਸ਼ਟਰਪਤੀ ਚੋਣ ਲਈ ਵਿਰੋਧੀ ਧਿਰਾਂ ਦੇ ਸਾਂਝੇ ਉਮੀਦਵਾਰਦੀ ਸਹਿਮਤੀ ਬਣਾਉਣ ਲਈ ਮੀਟਿੰਗ ਸੱਦੀ ਹੈ। ਰਾਸ਼ਟਰਪਤੀ ਚੋਣ 18 ਜੁਲਾਈ ਨੂੰ ਹੈ।ਕਾਂਗਰਸਅਗਲੀਆਂ ਰਾਸ਼ਟਰਪਤੀ ਚੋਣਾਂ ਲਈ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਉੱਤੇ ਜ਼ੋਰ ਦੇ ਰਹੀ ਹੈ ਅਤੇ ਜਿੱਥੇ ਵੀ ਉਸ ਦੀ ਸਰਕਾਰ ਹੈ, ਕਾਂਗਰਸ ਨੇ ਸ਼ਰਦ ਪਵਾਰ ਨੂੰ ਆਪਣੇ ਸਮਰਥਨ ਬਾਰੇ ਸਹਿਯੋਗੀਆਂ ਤੱਕ ਦੱਸਿਆਤੇਸੀਨੀਅਰ ਕਾਂਗਰਸ ਨੇਤਾ ਮੱਲਿਕਾਰਜੁਨ ਖੜਗੇ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਸੰਦੇਸ਼ ਨਾਲ ਪਿਛਲੇ ਵੀਰਵਾਰ ਸ਼ਰਦ ਪਵਾਰ ਨਾਲ ਮੀਟਿੰਗ ਕੀਤੀ ਸੀ।

# ਗਵਰਨਰ ਜਨਰਲ ਦੇ ਮਿਡਲ ਈਸਟ ਦੌਰੇ ਦੌਰਾਨ ਸਿਰਫ ਹਵਾਈ ਸਫਰ ਉੱਤੇ ਖਰਚ ਹੋਏ 100,000 ਡਾਲਰ

ਪੰਨਾ 1 ਦਾ ਬਾਕੀ


ਯੂਰਪ ਦੇ ਇੱਕ ਹੋਰ ਦੌਰੇ ਦੌਰਾਨ ਟਰੂਡੋ ਤੇ 47 ਹੋਰਨਾਂ ਅਧਿਕਾਰੀਆਂ ਵੱਲੋਂ ਯੂਰਪ ਦੇ ਕੀਤੇ ਗਏ ਟੂਰ ਉੱਤੇ 46,018.07 ਡਾਲਰ ਖਰਚ ਕੀਤੇ ਗਏ ਤੇ ਇਸ ਦੌਰਾਨ ਫਿਊਲ ਉੱਤੇ 114,255.83 ਡਾਲਰ ਖਰਚੇ ਗਏ।

ਇਸ ਦੌਰਾਨ ਰੀਡੋ ਹਾਲ ਦੀ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਨਤਾਲੀ ਬਾਬਿਨ ਡਫਰੈਸਨ ਵੱਲੋਂ ਸਾਈਮਨ ਦੇ ਮਿਡਲ ਈਸਟ ਦੌਰੇ ਉੱਤੇ ਆਏ ਖਰਚ ਦਾ ਵੇਰਵਾ ਮੁਹੱਈਆ ਕਰਵਾਇਆ ਗਿਆ। ਉਨ੍ਹਾਂ ਆਖਿਆ ਕਿ ਗਵਰਨਰ ਜਨਰਲ ਪ੍ਰਧਾਨ ਮੰਤਰੀ ਦੇ ਕਹਿਣ ਉੱਤੇ ਅਤੇ ਕੈਨੇਡਾ ਦੇ ਕੌਮਾਂਤਰੀ ਡਿਪਲੋਮੈਟਿਕ ਸਬੰਧਾਂ ਨੂੰ ਸੁਧਾਰਨ ਲਈ ਅਜਿਹੇ ਦੌਰੇ ਕਰਦੇ ਹਨ। ਇਸ ਉੱਤੇ ਬੈਰੇਟ ਨੇ ਆਖਿਆ ਕਿ ਉਹ ਆਲ੍ਹਾ ਅਧਿਕਾਰੀਆਂ ਦੇ ਅਜਿਹੇ ਦੌਰਿਆਂ ਦੀ ਅਹਿਮੀਅਤ ਸਮਝਦੇ ਹਨ ਪਰ ਇਸ ਦੌਰਾਨ ਸ਼ਾਹਾਨਾਂ ਸੇਵਾਵਾਂ ਦਾ ਉਹ ਜਿਹੜਾ ਆਨੰਦ ਮਾਣਦੇ ਹਨ ਉਸ ਉੱਤੇ ਹੋਣ ਵਾਲੇ ਖਰਚੇ ਉੱਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਇਹ ਤਾਂ ਜਹਾਜ਼ ਉੱਤੇ ਮੁਹੱਈਆ ਕਰਵਾਈਆਂ ਗਈਆਂ ਸੇਵਾਵਾਂ ਦਾ ਖਰਚ ਹੈ ਇਸ ਤੋਂ ਇਲਾਵਾ ਉਹ ਆਪਣੀ ਮੰਜ਼ਿਲ ਉੱਤੇ ਪਹੁੰਚ ਕੇ ਕਿੰਨਾ ਖਰਚ ਕਰਦੇ ਹਨ ਇਸ ਦਾ ਵੇਰਵਾ ਸਾਡੇ ਕੋਲ ਨਹੀਂ ਹੈ। ਜਿੰਨਾ ਖਰਚ ਇਨ੍ਹਾਂ ਅਧਿਕਾਰੀਆਂ ਵੱਲੋਂ ਇੱਕ ਟਰਿੱਪ ਉੱਤੇ ਕੀਤਾ ਜਾਂਦਾ ਹੈ ਉਸ ਨਾਲ ਇੱਕ ਸਾਲ ਵਾਸਤੇ ਆਮ ਕੈਨੇਡੀਅਨਾਂ ਦੇ ਘਰ ਦਾ ਖਰਚਾ ਚੱਲ ਸਕਦਾ ਹੈ।


















# ਪ੍ਰੋ. ਅਜਮੇਰ ਔਲਖ ਨੂੰ ਯਾਦ ਕਰਦਿਆਂ

ਜਨਮ ਤੇ ਪਰਿਵਾਰ:-

ਨਾਟਕਕਾਰ ਅਜਮੇਰ ਔਲਖ਼ ਦਾ ਜਨਮ 19 ਅਗਸਤ ਸੰਨ 1942 ਈਸਵੀ ਨੂੰ ਪਿੰਡ ਕੁੰਭੜਵਾਲ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਪ੍ਰੋ. ਔਲਖ ਦੇ ਪਿਤਾ ਦਾ ਨਾਂ ਸ. ਕੌਰ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਹਰਨਾਮ ਕੌਰ ਸੀ। 1944-45 ਦੇ ਆਸ-ਪਾਸ ਸਾਰਾ ਔਲਖ਼ ਪਰਿਵਾਰ ਪਿੰਡ ਕੁੰਭੜਵਾਲ ਛੱਡ ਕੇ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਵਿਖੇ ਆ ਵਸਿਆ।

ਪ੍ਰੋ. ਅਜਮੇਰ ਔਲਖ ਦਾ ਵਿਆਹ ਮਨਜੀਤ ਕੌਰ ਨਾਲ਼ ਹੋਇਆ। ਜੋ ਕਿ ਕਿੱਤੇ ਪੱਖੋਂ ਅਧਿਆਪਕਾ ਸਨ। ਉਨ੍ਹਾਂ ਦੇ ਘਰ ਸੁਪਨਦੀਪ ਕੌਰ, ਸੁਹਜਪ੍ਰੀਤ ਕੌਰ ਅਤੇ ਅਮਨਜੀਤ ਕੌਰ, ਤਿੰਨ ਲੜਕੀਆਂ ਪੈਦਾ ਹੋਈਆਂ।

ਪੜ੍ਹਾਈ ਤੇ ਨੌਕਰੀ:-

ਪ੍ਰੋ. ਔਲਖ਼ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਦੇ ਪ੍ਰਾਇਮਰੀ ਸਕੂਲ ਤੋਂ ਸੰਨ 1952 ਵਿੱਚ ਕੀਤੀ। ਦਸਵੀਂ ਦੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਤੋਂ 5-6 ਕਿਲੋਮੀਟਰ ਦੂਰ ਕਸਬਾ ਭੀਖੀ ਤੋਂ ਕਰਨ ਉਪਰੰਤ ਚਿੱਠੀ ਪੱਤਰ ਰਾਹੀਂ ਬੀ.ਏ. ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਏ ਦੀ ਪੜ੍ਹਾਈ ਕੀਤੀ।

ਪ੍ਰੋ. ਅਜਮੇਰ ਔਲਖ਼ ਨੇ 28 ਅਗਸਤ 1965 ਤੋਂ ਸੰਨ 2000 ਤੱਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿੱਚ ਪੰਜਾਬੀ ਲੈਕਚਰਾਰ ਦੀ ਨੌਕਰੀ ਕੀਤੀ। ਉਥੇ ਹੀ ਪ੍ਰੋ. ਔਲਖ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਵੀ ਅਦਾਕਾਰ ਬਣਾਇਆ। ਪ੍ਰੋ. ਔਲਖ ਨੇ ਇੱਥੇ ਰਹਿੰਦਿਆਂ ਹੀ 1976 ਵਿੱਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ।

ਸਾਹਿਤਕ ਸਫ਼ਰ:-

ਪ੍ਰੋ ਔਲਖ ਆਪਣੀ ਸਾਹਿਤਕ ਸਵੈਜੀਵਨੀ 'ਮੇਰੀ ਨਾਟ-ਯਾਤਰਾ' ਵਿਚ ਲਿਖਦਾ ਹੈ ਕਿ ਜਦ ਮੈਂ ਬਚਪਨ ਤੋਂ ਲੈ ਕੇ ਆਪਣੇ ਨਾਟਕਕਾਰ ਬਣਨ ਤਕ ਦੇ ਸਾਹਿਤਕ ਸਫ਼ਰ ਉਤੇ ਝਾਤ ਮਾਰਦਾ ਹਾਂ ਤਾਂ ਨਾਟਕ ਲਿਖਣ ਵੱਲ ਰੁਚਿਤ ਹੋਣ ਦਾ ਵਰਤਾਰਾ ਮੈਨੂੰ 'ਮਹਿਜ਼ ਇਕ ਇਤਫ਼ਾਕ' ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ। ਆਪਣੀ ਉਮਰ ਦੇ 27-28 ਵਰ੍ਹਿਆਂ ਤਕ ਮੈਨੂੰ ਆਪਣੇ ਆਪ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਕਦੇ ਨਾਟਕ ਵੀ ਲਿਖਾਂਗਾ ਤੇ ਪੰਜਾਬੀ ਸਾਹਿਤ-ਜਗਤ ਵਿਚ ਮੇਰੀ ਪਛਾਣ 'ਇੱਕ ਨਾਟਕਕਾਰ' ਦੇ ਰੂਪ ਵਿਚ ਹੋਵੇਗੀ। ਮੈਂ ਪਹਿਲਾਂ ਕਵਿਤਾ/ਗੀਤ ਲਿਖਣੇ ਸ਼ੁਰੂ ਕੀਤੇ ਸਨ। ਜਦ ਮੈ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸ਼ਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜ਼ਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੰਨੀ ਉਮਰ ਵਿਚ ਕੀਤੀ ਇਸ ਬਾਰੇ ਮੈਨੂੰ ਕੁਝ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਐਨੀ ਕੁ ਗੱਲ ਪੱਕੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਮੈਂ 8-10 ਸਾਲ ਦੀ ਉਮਰ ਵਿਚ ਕੁਝ ਨਾ ਕੁਝ ਤੁਕਬੰਦੀ ਕਰ ਕੇ ਉਸ ਨੂੰ ਗਾਉਣ ਲੱਗ ਪਿਆ ਸੀ...।

ਜਿਵੇਂ ਅਸੀਂ ਪ੍ਰੋ.ਅਜਮੇਰ ਔਲਖ਼ ਦੇ ਸਵੈ ਕਥਨ ਤੋਂ ਜਾਣਿਆ ਕਿ ਉਹਨਾਂ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਵਿਤਾ ਤੇ ਗੀਤ ਸਾਹਿਤ ਰੂਪਾਂ ਨਾਲ਼ ਹੋਈ ਸੀ। ਇਸ ਤੋਂ ਇਲਾਵਾ ਉਹਨਾਂ ਦਾ ਦਸਵੀਂ ਦੇ ਇਮਤਿਹਾਨ ਤੋਂ ਬਾਅਦ ਇੱਕ ਨਾਵਲ 'ਜਗੀਰਦਾਰ' ਲਿਖਣ ਦਾ ਵੇਰਵਾ ਵੀ ਮਿਲ਼ਦਾ ਹੈ। ਕਵਿਤਾ,ਗੀਤ,ਨਾਵਲ ਤੋਂ ਬਿਨਾਂ ਕਹਾਣੀ ਸਾਹਿਤ ਰੂਪ ਤੇ ਵੀ ਉਹਨਾਂ ਨੇ ਆਪਣੀ ਕਲਮ ਅਜ਼ਮਾਈ ਸੀ।

-ਸੁਖਚੈਨ ਸਿੰਘ ਕੁਰਠ-



ਕਾਲਜ ਵਿੱਚ ਸੱਭਿਆਚਾਰਕ ਸਰਗਰਮੀਆਂ ਦਾ ਮੁਖੀ ਬਣਾਏ ਜਾਣ ਤੋਂ ਬਾਅਦ ਸੰਨ 1960-70 ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਨਾਟਕਾਂ ਦੀ ਤਿਆਰੀ ਕਰਵਾਉਂਦਿਆਂ-ਕਰਵਾਉਂਦਿਆਂ ਪ੍ਰੋ. ਔਲਖ ਦਾ ਰੁਝਾਨ ਨਾਟਕ ਲਿਖਣ 'ਤੇ ਕਰਵਾਉਣ ਵੱਲ ਹੀ ਹੋ ਗਿਆ।

ਉਹ ਸਾਰੀ ਜ਼ਿੰਦਗੀ ਆਪਣੇ ਸਾਹਿਤਕ ਸਫ਼ਰ ਵਿੱਚ ਇੱਕ ਵਗਦੇ ਦਰਿਆ ਵਾਂਗ ਵਗਦੇ ਰਹੇ। ਉਹਨਾਂ ਦੇ ਪੂਰੇ ਨਾਟਕਾਂ ਦਾ ਵੇਰਵਾ:- ਸੱਤ ਬਿਗਾਨੇ, ਕਿਹਰ ਸਿੰਘ ਦੀ ਮੌਤ, ਇੱਕ ਸੀ ਦਰਿਆ, ਸਲਵਾਨ, ਝਨਾਂ ਦੇ ਪਾਣੀ, ਨਿੱਕੇ ਸੂਰਜਾਂ ਦੀ ਲੜਾਈ, ਭੱਜੀਆਂ ਬਾਹਾਂ ਤੇ ਨਿਉਂ ਜੜ੍ਹ।

ਇਕਾਂਗੀ ਨਾਟਕਾਂ ਦਾ ਵੇਰਵਾ:- ਬਾਲ ਨਾਥ ਦੇ ਟਿੱਲੇ 'ਤੇ, ਮਿਰਜ਼ੇ ਦੀ ਮੌਤ, ਤੂੜੀ ਵਾਲਾ ਕੋਠਾ, ਜਦੋਂ ਬੋਹਲ ਰੋਂਦੇ ਹਨ, ਅੰਨ੍ਹੇ ਨਿਸ਼ਾਨਚੀ, ਸਿੱਧਾ ਰਾਹ ਵਿੰਗਾ ਰਾਹ, ਢਾਂਡਾ, ਐਸੇ ਰਚਿਉ ਖਾਲਸਾ, ਆਪਣਾ-ਆਪਣਾ ਹਿੱਸਾ, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ, ਹਰਿਉ ਬੂਟ, ਅੰਨ੍ਹੇਰ-ਕੋਠੜੀ ਤੇ ਹਾਏ ਨੀ ਮਨਮੀਤ ਕੁਰੇ।

ਲਘੂ ਨਾਟਕਾਂ ਦਾ ਵੇਰਵਾ:- ਅਰਬਦ ਨਰਬਦ ਧੁੰਦੂਕਾਰਾ, ਬਿਗਾਨੇ ਬੋਹੜ ਦੀ ਛਾਂ, ਸੁੱਕੀ ਕੁੱਖ, ਇੱਕ ਰਮਾਇਣ ਹੋਰ, ਭੱਠ ਖੇੜਿਆਂ ਦਾ ਰਹਿਣਾ, ਗਾਨੀ, ਤੇੜਾਂ, ਲੋਹੇ ਦਾ ਪੁੱਤ, ਐਇੰ ਨੀ ਹੁਣ ਸਰਨਾ, ਉਂਈ-ਮੂੰਈਂ ਦਾ ਕੁਸ ਨੀ ਹੁੰਦਾ, ਕਉਲ਼ੇ ਉੱਤੇ ਰੱਖਿਆ ਕੌਲਾ, ਚੱਲ ਵੀਰਨਾ ਵੇ ਉਥੇ ਚੱਲੀਏ, ਬੰਦ ਬੂਹਿਆਂ ਵਾਲੀ ਹਵੇਲੀ ਤੇ ਪੱਪੂ ਦੀ ਪੈਂਟ ਆਦਿ।

ਪ੍ਰੋ. ਔਲਖ ਨੇ ਅਜਿਹੇ ਅਨੇਕਾਂ ਹੀ ਖ਼ੂਬਸੂਰਤ ਪੂਰੇ ਨਾਟਕ/ਇਕਾਂਗੀ ਨਾਟਕ/ਲਘੂ ਨਾਟਕ ਲਿਖੇ ਅਤੇ ਬਹੁਤ ਹੀ ਸਫ਼ਲਤਾ ਨਾਲ ਉਨ੍ਹਾਂ ਦਾ ਮੰਚਨ ਵੀ ਕੀਤਾ। ਇਸ ਤੋਂ ਇਲਾਵਾ ਪ੍ਰੋ. ਔਲਖ ਨੇ ਹੋਰਨਾਂ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਵੀ ਦਿੱਤਾ ਸੀ।

ਆਪਣੇ ਸਾਹਿਤਕ ਸਫ਼ਰ ਵਿੱਚ ਉਹਨਾਂ ਨੇ ਆਪਣੀ ਸਵੈਜੀਵਨੀ ਦਾ ਨਾਂ 'ਨੰਗਾ ਢਿੱਡ' ਵੀ ਚਿਤਵਿਆ ਸੀ ਜਿਸ ਦੇ ਕੁਝ ਕੁ ਕਾਂਡ ਲਿਖੇ ਗਏ ਸੀ ਜੋ ਕਿ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਵਿਚ ਛਪੇ ਹਨ।

ਵੱਖ-ਵੱਖ ਵਿਦਵਾਨਾਂ ਦੇ ਪ੍ਰੋ ਔਲਖ ਤੇ ਉਸਦੀ ਨਾਟ ਕਲਾ ਬਾਰੇ ਵਿਚਾਰ:-

ਪ੍ਰੋਫੈਸਰ ਗੁਰਦਿਆਲ ਸਿੰਘ:- 'ਹੁਣ ਤੱਕ ਔਲਖ ਨੇ ਜਿੰਨੇ ਵੀ ਨਾਟਕ ਲਿਖੇ ਹਨ ਉਨ੍ਹਾਂ ਦੀ ਤਿੱਖੀ ਤੇ ਪ੍ਰਭਾਵਸ਼ਾਲੀ ਹੋਣ ਦਾ ਮੂਲ ਕਾਰਨ ਉਹਦੇ ਜੀਵਨ ਅਨੁਭਵ ਦੀ ਪ੍ਰਪੱਕਤਾ ਹੈ ਤੇ ਉਹਨੇ ਹੌਲੀ-ਹੌਲੀ ਨਾਟਕਕਾਰ ਦੇ ਤੌਰ ਤੇ ਆਪਣੀ ਵੱਖਰੀ ਥਾਂ ਬਣਾ ਲਈ ਹੈ।

ਭਾਅ ਜੀ ਗੁਰਸ਼ਰਨ ਸਿੰਘ:- 'ਬਿਗਾਨੇ ਬੋਹੜ ਦੀ ਛਾਂ' ਔਲਖ ਦਾ ਸਾਰਿਆਂ ਨਾਟਕਾਂ ਨਾਲੋਂ ਮਕਬੂਲ ਨਾਟਕ ਹੈ ਪਰ ਮੇਰੀ ਨਜ਼ਰ ਵਿੱਚ 'ਬਹਿਕਦਾ ਰੋਹ' ਉਸਦੀ ਸ਼ਾਹਕਾਰ ਰਚਨਾ ਹੈ।

ਰੰਗਕਰਮੀ ਸਾਹਿਬ ਸਿੰਘ:-ਅਜਮੇਰ ਔਲਖ ਸਮਾਜ ਅੰਦਰ ਵਾਪਰ ਰਹੇ ਕਿਸੇ ਅਣਮਨੁੱਖੀ ਵਰਤਾਰੇ ਨੂੰ ਪਹਿਲਾਂ ਆਪਣੇ ਤਜਰਬੇ 'ਚੋਂ ਨਿਕਲੀ ਕਿਸੇ ਘਟਨਾ ਜਾਂ ਪਾਤਰ ਨਾਲ ਜੋੜਦਾ, ਫਿਰ ਇਸ ਨੂੰ ਨਵਿਆਉਂਦਾ ਤੇ ਫੇਰ ਸਮੇਂ ਦਾ ਹਾਣੀ ਬਣਾ ਕੇ ਪੇਸ਼ ਕਰਦਾ। "ਝਨਾਂ ਦੇ ਪਾਣੀ", " ਸੱਤ ਬਿਗਾਨੇ", ਬਿਗਾਨੇ ਬੋਹੜ ਦੀ ਛਾਂ" ਆਦਿ ਨਾਟਕ ਇਸ ਦੀ ਪ੍ਰਤੱਖ ਉਦਾਹਰਨ ਹਨ।

ਲੇਖਕ ਗੁਰਬਚਨ ਸਿੰਘ ਭੁੱਲਰ:- ਅਜਮੇਰ ਸਿੰਘ ਔਲਖ ਸ਼ਬਦ ਦੇ ਸਹੀ ਅਰਥਾਂ ਵਿੱਚ ਸੂਰਮਾ ਸੀ। ਜਿੰਨੀ ਸੂਰਬੀਰਤਾ ਨਾਲ ਉਹ ਪੂੰਜੀਵਾਦੀ ਅਰਥ-ਵਿਵਸਥਾ ਦੇ ਝੰਬੇ ਹੋਏ ਮਜ਼ਦੂਰਾਂ ਤੇ ਕਿਸਾਨਾਂ ਦੀ ਪੀੜ ਹਰਨ ਵਾਸਤੇ ਆਪਣੇ ਨਾਟਕਾਂ ਰਾਹੀਂ ਮੰਚ ਉੱਤੇ ਲੜਿਆ, ਓਨੀ ਹੀ ਸੂਰਬੀਰਤਾ ਨਾਲ ਉਹ ਬੇਹੱਦ ਚੰਦਰੇ ਰੋਗ ਦੇ ਝੰਬੇ ਹੋਏ ਸਰੀਰ ਦੀ ਪੀੜ ਹਰਨ ਵਾਸਤੇ ਆਪਣੇ ਅਡੋਲ ਹੌਸਲੇ ਨਾਲ ਹਸਪਤਾਲੀ ਕਮਰਿਆਂ ਵਿੱਚ ਲੜਿਆ।

ਸ਼ਾਇਰ ਡਾ. ਸੁਰਜੀਤ ਪਾਤਰ:- ਭਾਅ ਜੀ ਗੁਰਸ਼ਰਨ ਸਿੰਘ ਦੀ ਸੂਹੀ ਲਾਟ ਦੇ ਵਾਰਸ, ਪਿੰਡਾਂ ਦੇ ਲੋਕਾਂ ਦੇ ਦਿਲਾਂ ਦਾ ਦਰਦ ਪਛਾਨਣ ਵਾਲੇ ਅਜਮੇਰ ਸਿੰਘ ਔਲਖ ਹੀ ਸਨ। ਮੈਂ ਕਦੀ ਲਿਖਿਆ ਸੀ ਕਿ-

"ਏਸ ਤਪਦੇ ਥਲ ਵਿੱਚ, ਦੂਸਰਾ ਕਿਹੜਾ ਖਲੋਵੇਗਾ।
ਏਸੇ ਹੀ ਥਲ 'ਚੋਂ ਉੱਗਿਆ ਕੋਈ ਰੁੱਖ ਹੋਵੇਗਾ"।

ਸੋ, ਏਸ ਲਈ ਔਲਖ ਇਸ ਧਰਤੀ 'ਚੋਂ ਉੱਗਿਆ ਰੁੱਖ, ਜਿਸਨੇ ਉਹ ਦੁੱਖ ਦੇਖੇ, ਉਹ ਪੀੜਾਂ ਦੇਖੀਆਂ।


ਪ੍ਰੋ. ਔਲਖ ਆਪਣੇ ਨਾਟਕਾਂ ਬਾਰੇ ਕਹਿੰਦਾ ਹੁੰਦਾ ਸੀ- ਮੇਰੇ ਨਾਟਕਾਂ ਵਿੱਚ ਮੇਰੇ ਆਪਣੇ ਹੀ ਰੰਗਮੰਚ ਉਤੇ ਪੇਸ਼ ਹੁੰਦੇ ਦਿਸਦੇ ਹਨ। ਉਹ ਲੜਦੇ-ਝਗੜਦੇ ਹਨ, ਰੋਂਦੇ-ਕਰਲਾਉਂਦੇ ਹਨ, ਰੁਸਦੇ-ਮੰਨਦੇ ਹਨ ਤੇ ਲੁੱਟੇ-ਖੋਹੇ ਜਾਂਦੇ ਮਰਦੇ-ਖਪਦੇ ਹਨ। ਮੈਂ ਆਪਣੇ ਨਾਟਕਾਂ ਵਿਚ ਆਪਣਿਆਂ ਦਾ ਹੀ ਢਿੱਡ ਨੰਗਾ ਕੀਤਾ ਹੈ।

ਮਾਣ ਸਨਮਾਨ:-

ਪੰਜਾਬੀ ਸਾਹਿਤ ਅਕਾਦਮੀ ਦੁਆਰਾ 'ਅਰਬਦ ਨਰਬਦ ਧੁੰਦੂਕਾਰਾ' ਨੂੰ 1981 ਵਿੱਚ ਬਿਹਤਰੀਨ ਇਕਾਂਗੀ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਅੰਨ੍ਹੇ ਨਿਸ਼ਾਨਚੀ' ਨੂੰ 1983 ਵਿੱਚ ਈਸ਼ਵਰ ਚੰਦਰ ਪੁਰਸਕਾਰ, ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਰਟਿਸਟਸ ਵੱਲੋਂ 1991 ਵਿੱਚ ਬਿਹਤਰੀਨ ਸਾਹਿਤਕਾਰ ਦਾ ਸਨਮਾਨ,ਪੰਜਾਬੀ ਸਾਹਿਤ ਅਕਾਦਮੀ ਵੱਲੋਂ 1996 ਕਰਤਾਰ ਸਿੰਘ ਧਾਲੀਵਾਲ ਇਨਾਮ,ਫੁੱਲ ਮੈਮੋਰੀਅਲ ਟਰੱਸਟ ਵੱਲੋਂ 1997 ਵਿੱਚ ਗੁਰਦਿਆਲ ਸਿੰਘ ਫੁੱਲ ਇਨਾਮ,

ਲੋਕ ਸੱਭਿਆਚਾਰਿਕ ਵਿਕਾਸ ਮੰਚ ਜੈਤੋ ਵੱਲੋਂ 1999 ਪੰਜਾਬੀ ਰੰਗਮੰਚ ਸੇਵਾ ਸਨਮਾਨ,ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਵੱਲੋਂ 1999 ਪੰਜਾਬੀ ਬੋਲੀ ਸੇਵਾ ਇਨਾਮ,ਪੰਜਾਬੀ ਕਲਾ ਕੇਂਦਰ ਬੰਬਈ ਚੰਡੀਗੜ੍ਹ ਵੱਲੋਂ 2000 ਬਲਰਾਜ ਸਾਹਨੀ ਯਾਦਗਾਰੀ ਇਨਾਮ,ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 2000 ਵਿੱਚ ਜੀਵਨ ਗੌਰਵ ਸਨਮਾਨ, ਸੰਨ 2000 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਨਾਟਕਕਾਰ ਦਾ ਪੁਰਸਕਾਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ।

ਸੰਨ 2003 ਵਿੱਚ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਵੱਲੋਂ ਪੰਜਾਬੀ ਨਾਟਕਕਾਰ ਅਵਾਰਡ, ਭਾਰਤੀ ਸਾਹਿਤ ਅਕਾਦਮੀ ਨੇ 2006 ਵਿੱਚ ਇਕਾਂਗੀ ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ' ਲਈ ਪੁਰਸਕਾਰ, ਭਾਰਤੀ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਵੱਲੋਂ 22 ਮਾਰਚ 2006 ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਨੇ ਆਪਣੇ ਕਰ-ਕਮਲਾਂ ਨਾਲ ਵਿਗਿਆਨ ਭਵਨ ਨਵੀਂ ਦਿੱਲੀ ਪੁਰਸਕਾਰ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰਸ਼ਰਨ ਸਿੰਘ ਲੋਕ ਕਲਾ ਸਨਮਾਨ ਕਾਫ਼ਲਾ ਵੱਲੋਂ 1 ਮਾਰਚ 2015 ਨੂੰ ਪ੍ਰੋ. ਔਲਖ ਨੂੰ ਹਜ਼ਾਰਾਂ ਲੋਕਾਂ ਦੇ ਇੱਕਠ ਵਿੱਚ 'ਭਾਈ ਲਾਲੋ ਕਲਾ ਸਨਮਾਨ' ਦੇ ਕੇ ਵੱਡਾ ਮਾਣ ਬਖ਼ਸ਼ਿਆ।



ਪ੍ਰੋ. ਅਜਮੇਰ ਔਲਖ ਨੂੰ ਉਹਨਾਂ ਦੀ ਨਾਟਕ ਕਲਾ ਤੋਂ ਸਮਝਦਿਆਂ, ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹੀ ਹੈ ਕਿ ਪ੍ਰੋ.ਔਲਖ ਨੇ ਆਪਣੇ ਨਾਟਕਾਂ ਵਿੱਚ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਂਡੂ ਮੁਹਾਵਰੇ ਰਾਹੀਂ ਰੰਗਮੰਚ 'ਤੇ ਲਿਆਂਦਾ ਹੈ। ਨਾਟਕਾਂ ਵਿੱਚ ਪੇਂਡੂ ਮੁਹਾਵਰੇ ਦੀ ਵਰਤੋਂ ਕਰਨ ਦਾ ਹੁਨਰ ਈਸ਼ਵਰ ਚੰਦਰ ਨੰਦਾ ਤੋਂ ਬਾਅਦ ਪ੍ਰੋ ਅਜਮੇਰ ਔਲਖ ਦੇ ਹਿੱਸੇ ਹੀ ਆਇਆ। ਪ੍ਰੋ. ਔਲਖ ਦੇ ਨਾਟਕਾਂ ਦੀ ਬੋਲੀ ਆਮ ਲੋਕਾਂ ਦੀ ਬੋਲੀ ਸੀ, ਬੇਸ਼ੱਕ ਕੁੱਝ ਵਿਦਵਾਨ ਉਹਦੇ ਨਾਟਕਾਂ ਦੀ ਭਾਸ਼ਾ ਤੇ ਇਤਰਾਜ਼ ਵੀ ਜਤਾਉਂਦੇ ਹਨ ਪਰ ਉਹ ਆਪਣੇ ਮਾਲਵੇ ਦੇ ਪਿੰਡਾਂ ਦੀ ਆਵਾਜ਼ ਬਣਕੇ ਹੀ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹਦੇ ਪੇਂਡੂ ਪਾਤਰਾਂ ਦੇ ਬੋਲ ਉਹਦੀ ਮਲਵਈ ਬੋਲੀ ਕਰਕੇ ਸਿੱਧੇ ਦਰਸ਼ਕਾਂ ਦੇ ਦਿਲਾਂ ਤੇ ਆਪਣਾ ਪ੍ਰਭਾਵ ਪਾਉਂਦੇ ਹਨ।

ਉਹਦੇ ਨਾਟਕਾਂ ਨੂੰ ਪੇਂਡੂ ਲੋਕਾਂ ਨੇ ਆਪਣੇ ਹੋਣ ਦਾ ਮਾਣ ਵੀ ਖੂਬ ਦਿੱਤਾ। ਉਹਨਾਂ ਦੇ ਲਿਖੇ ਹਰੇਕ ਨਾਟਕ ਨੂੰ ਦੇਖਣ ਵਾਲਿਆਂ ਦਾ ਆਪਣਾ ਵਿਸ਼ਾਲ ਦਾਇਰਾ ਰਿਹਾ। 2008 ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ਼ ਪ੍ਰੋ. ਔਲਖ ਜੂਝਦੇ ਆਪਣੀ ਜ਼ਿੰਦਗੀ ਨੂੰ 2017 ਤੱਕ ਤਾਂ ਲੈ ਆਏ ਪਰ 15 ਜੂਨ 2017 ਦਾ ਦਿਨ ਉਹਨਾਂ ਦੀ ਜ਼ਿੰਦਗੀ ਦਾ ਆਖਰੀ ਦਿਨ ਹੋ ਨਿੱਬੜਿਆ। ਪ੍ਰੋ. ਔਲਖ ਦੀ ਕਲਾ ਨੂੰ ਚਾਹੁਣ ਵਾਲ਼ੇ ਅੱਜ ਵੀ ਉਹਨਾਂ ਨੂੰ ਸੱਤ ਬਿਗਾਨੇ ਵਾਲ਼ਾ ਔਲਖ, ਬਿਗਾਨੇ ਬੋਹੜ ਦੀ ਛਾਂ ਵਾਲ਼ਾ ਔਲਖ, ਭੱਜੀਆਂ ਬਾਹਾਂ ਵਾਲ਼ਾ ਔਲਖ, ਅੰਨ੍ਹੇ ਨਿਸ਼ਾਨਚੀ ਵਾਲ਼ਾ ਔਲਖ,ਲੋਕ ਕਲਾ ਮੰਚ ਵਾਲ਼ਾ ਔਲਖ, ਮਾਨਸੇ ਦਾ ਪ੍ਰੋ. ਔਲਖ ਆਦਿ ਵੱਖੋ-ਵੱਖ ਆਪੋ-ਆਪਣੇ ਵੱਲੋਂ ਦਿੱਤੇ ਮਹੁਬੱਤੀ ਨਾਂਵਾਂ ਨਾਲ਼ ਯਾਦ ਕਰਦੇ ਹਨ। ਪ੍ਰੋ. ਅਜਮੇਰ ਔਲਖ ਸੱਚਮੁੱਚ ਭਾਜੀ ਗੁਰਸ਼ਰਨ ਸਿੰਘ ਦੇ ਰੰਗਮੰਚੀ ਥੜੇ ਦਾ ਵਾਰਸ ਹੋ ਨਿੱਬੜਿਆ।

---

15 ਜੂਨ
ਪ੍ਰਕਾਸ਼ ਦਿਵਸ

# ਦਲ ਭੰਜਨ ਗੁਰ ਸੂਰਮਾ....

ਰਮੇਸ਼ ਬੱਗਾ ਚੋਹਲਾ

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਲੋਕਾਈ ਨੂੰ ਮਿਆਰੀ,ਪਰਉਪਕਾਰੀ ਅਤੇ ਵਿਹਾਰੀ (ਅਮਲੀ) ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਹੈ,ਉੱਥੇ 'ਸਿਰ ਤਲੀ 'ਤੇ ਧਰ ਕੇ ਪ੍ਰੇਮ (ਰੱਬੀ) ਦੀ ਖੇਡ ਖੇਡਣ ਦੀ ਵੰਗਾਰ ਵੀ ਦਿੱਤੀ ਹੈ।' ਇਸ ਖੇਡ ਨੂੰ ਖੇਡਣ ਲਈ ਸੰਤ ਸੁਭਾਅ ਦੇ ਨਾਲ-ਨਾਲ ਸਿਪਾਹੀਅਤ (ਜੁਝਾਰੂ ਬਿਰਤੀ) ਨੂੰ ਵੀ ਬਰਾਬਰ ਅਹਿਮੀਅਤ ਦਿੱਤੀ ਗਈ ਹੈ।ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

ਜੇ ਜੀਵੈ ਪਤਿ ਲੱਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਇਸ ਪਤਿ ਦੀ ਸਲਾਮਤੀ ਹਿੱਤ ਅਤੇ ਸਿੱਖੀ ਨੂੰ ਅਣਖ ਦੀ ਪਾਣ ਚੜ੍ਹਾਈ (ਸ਼ਸਤਰਧਾਰੀ ਹੋ ਕੇ) ਰੱਖਣ ਲਈ ਛੇਵੇਂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਨੂੰ ਸਿੱਖ ਇਤਿਹਾਸ ਵਿਚ ਮੀਰੀ ਅਤੇ ਪੀਰੀ ਦਾ ਨਾਮ ਦਿੱਤਾ ਗਿਆ ਹੈ।ਧਰਮ ਅਤੇ ਰਾਜਨੀਤੀ ਦੀ ਇਸ ਨਿਵੇਕਲੀ ਪਰ ਚਿਰਸਥਾਈ ਸਾਂਝ ਨਾਲ ਸਿੱਖ ਧਰਮ ਇਕ ਅਤਿ ਅਣਖੀਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥ (1-48-4)

ਪੀੜੀ ਭਾਵੇਂ ਸੋਢੀਆਂ ਦੀ ਹੀ ਸੀ ਅਤੇ ਹਾਕਮ ਵੀ ਪੰਚਮ ਪਾਤਸ਼ਾਹ ਦਾ ਹੀ ਵਰਤ ਰਿਹਾ ਸੀ ਪਰ ਅਭਿਆਸੀ ਰੂਪ ਵਿਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਕੇ ਜਿਥੇ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੀ ਸੰਤ ਬਲ ਅਤੇ ਰਾਜ ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਕਿਉਂਕਿ ਗੁਰੂ ਸਾਹਿਬ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਗੁਰੂ ਨਾਨਕ ਦੇ ਘਰ ਵਿੱਚ ਸੰਤਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣਗੇ। ਭਾਵ ਇਕ ਚੰਗਾ ਸੰਤ ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਨਹੀਂ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਛੇਵੀਂ ਜੋਤ ਸ਼੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 19 ਜੂਨ 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ।

ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦਿਹਾੜੇ ਦੀਆਂ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ ਜੋ ਪਰਿਵਾਰਕ ਤੌਰ ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ ਤੇ ਕਬਜਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤ ਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ ਆਪ ਲਈ ਹੀ ਘਾਤਿਕ ਸਾਬਤ ਹੋ ਗਿਆ।ਇਸ ਤੋਂ ਬਾਅਦ ਪ੍ਰਿਥੀਏ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਫ਼ਨੀਅਰ ਸੱਪ ਨੂੰ ਛੱਡ ਦਿੱਤਾ ਪਰ ਹਰਿਗੋਬਿੰਦ ਜੀ (ਗੁਰੂ ਜੀ) ਉਸ ਵਾਰ ਤੋਂ ਵੀ ਬਚ ਗਏ।

ਗੁਰੂ ਅਰਜਨ ਦੇਵ ਜੀ ਜੋ ਸਰਬਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤੇ 1597 ਈ: ਨੂੰ ਵਡਾਲੀ ਗੁਰੂ ਕੀ ਵਿਖੇ ਆ ਗਏ।ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਵਿਖੇ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਤਾਂ ਕੁੱਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਵਾਰ ਉਹ ਥੋੜਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ ਤੇ ਤੀਸਰਾ ਹਮਲਾ ਕਰ ਦਿੱਤਾ।ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ: ਦੇ ਅਕਤੂਬਰ ਮਹੀਨੇ ਵਿਚ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵਲੋ ਵੱਖ-ਵੱਖ ਧਰਮਾਂ ਪ੍ਰਤੀ ਅਪਨਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਹਨਾਂ ਕੱਟੜ ਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਬਾਬਾ ਬੁੱਢਾ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੈ ਹਨ।

6 ਅਪ੍ਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋਂ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪ੍ਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜ ਪੰਥੀਆਂ ਨੇ ਜਹਾਂਗੀਰ ਦੇ ਕੰਨਾ ਵਿਚ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਫੂਕ ਮਾਰ ਦਿੱਤੀ। ਜਹਾਂਗੀਰ ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਸੰਨ 1606 ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁੱਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜਿੰਮੇਵਾਰੀ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ।ਇਸ ਮੌਕੇ ਤੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ) ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥੱਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁੱਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ ਤੇ ਸਫ਼ਲਤਾ ਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਨਾਲ ਵਧੀਆ ਘੋੜੇ ਅਤੇ ਸ਼ਸਤਰ ਵੀ ਖ੍ਰੀਦ ਕੇ ਭੇਜਿਆ ਕਰਨ। ਇਸ ਤਰ੍ਹਾਂ ਸਿੱਖਾਂ ਕੋਲ ਜਿਥੇ ਘੋੜਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗਿਆਂ ਸ਼ਸਤਰਾਂ ਨਾਲ ਭਰਪੂਰ ਹੋਣ ਲੱਗ ਪਿਆ।

ਘੋੜੇ ਅਤੇ ਹਥਿਆਰ ਜਮਾਂ ਕਰਨ ਦੇ ਨਾਲ-ਨਾਲ ਸਾਹਿਬ ਨੇ ਆਪਣੇ ਸਿਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵੱਧਣ ਲੱਗੀ।ਦੂਰੋਂ-ਨੇੜਿਓ ਕਈ ਗਭਰੂ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਮਾਰਸ਼ਲ ਆਰਟ ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਂਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰਾਤਮਕ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖਤਿਆਰ ਕਰ ਗਈ ਜਦੋਂ 1608 ਈ: ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ - ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖਤ ਦੇ ਸਹਾਮਣੇ ਦੋ ਨਿਸ਼ਾਨ ਸਾਹਿਬ, ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋ ਸਥਾਪਿਤ ਕੀਤੇ ਗਏ। ਇਸ ਤਖਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤਾਂ ਵਿਚ ਬੀਰ ਰਸ ਦਾ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਬੀਰ-ਰਸੀ ਪ੍ਰਭਾਵ ਸਦਕਾ ਹੀ ਸਿੱਖ ਫੌਜੀਆਂ ਦਾ ਗਿਣਤੀ 500 ਤੱਕ ਪਹੁੰਚ ਗਈ।ਇਸ ਫ਼ੌਜ ਨੂੰ ਪੰਜ ਕਮਾਂਡਰਾਂ (ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ,ਭਾਈ ਪੈੜਾ ਅਤੇ ਭਾਈ ਮੋਖਾ ਜੀ) ਦੀ ਕਮਾਂਡ ਹੇਠ ਕਰ ਦਿੱਤਾ ਗਿਆ।

ਜਦੋਂ ਜਹਾਂਗੀਰ ਨੂੰ ਆਗਰੇ ਨੂੰ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੱਝ ਟਿਕਾਊਪਨ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ ਵਿਚ ਭਰਤੀ ਹੋਇਆ ਸੀ। ਦੁਆਬੇ ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ ਘਰ ਪਹੁੰਚਾਇਆ। ਕਸ਼ਮੀਰ ਨੂੰ ਬੇਸ਼ੱਕ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਥੁੜ੍ਹਾਂ ਮਾਰੀ ਲੋਕਾਈ ਲਈ ਇਹ ਸਵਰਗੀ ਆਨੰਦ ਕਿਥੋਂ? ਗਿਲਟੀ ਤਾਪ ਦੀ ਤਪਸ਼ ਨਾਲ ਕਸ਼ਮੀਰ ਦਾ ਗਰੀਬ-ਗੁਰਬਾ ਕੁਰਲਾ ਰਿਹਾ ਸੀ। ਇਹ ਕੁਰਲਾਹਟ ਜਦੋਂ ਛੇਵੇਂ ਨਾਨਕ ਤੱਕ ਪਹੁੰਚੀ ਤਾਂ ਦੁਖੀਆਂ ਦਾ ਦਰਦ ਵੰਡਾਉਣ ਲਈ ਉਹ ਕਸ਼ਮੀਰ ਦੀ ਧਰਤੀ ਤੇ ਪਹੁੰਚ ਗਏ। ਦੇਸ਼-ਪ੍ਰਦੇਸ਼ ਤੋਂ ਆਈ ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਜੀ ਸਿਆਲਕੋਟ ਅਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਵੀ ਦੂਰ ਕਰਨ ਲਈ ਜਾਇਆ ਕਰਦੇ ਸਨ।

ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾਂ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ ਤੇ ਬਣਵਾਇਆ ਗਿਆ ਸੀ। ਕਈਆ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ, ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆ ਦੇ ਰਾਜੇ ਵੀ ਕੈਦ ਕਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ।ਗੁਰੂ ਜੀ ਦੀ ਆਮਦ ਨਾਲ ਇਹ ਮਨਹੂਸ ਕਿਲ੍ਹਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ। ਸਵੇਰੇ-ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਾਲੇ ਵਾਤਾਵਰਣ ਨੂੰ ਹੀ ਬਦਲ ਕੇ ਰੱਖ ਦਿੱਤਾ।ਇਥੋਂ ਤੱਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ।

ਇਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ,ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ ਕਿ ਜੇਕਰ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀ ਗੁਰੂ ਸਾਹਿਬ ਨੂੰ ਖਤਮ ਕਰਨ ਦਾ ਨਾਕਾਮ ਜਤਨ ਵੀ ਕੀਤਾ।

ਜਹਾਂਗੀਰ ਜੋਬਨ ਰੁੱਤ ਤੋਂ ਹੀ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਵੱਡੀ ਹੋਣ ਨਾਲ ਉਸ ਨੂੰ ਇਹ ਸ਼ੌਕ ਕੁੱਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਸਿਆਸੀ ਕੈਦੀ ਰਾਜਿਆ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ! ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁੱਟਕਾਰਾ ਦਿਵਾ ਦਿਉਂ।" ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆ ਨੂੰ ਰਿਹਾ ਕੀਤਾ ਜਾਵੇਗਾ। ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਹਨਾਂ ਚਿਰਾਂ ਤੋਂ ਬੰਦ ਕੀਤੇ ਹੋਏ ਸਿਆਸੀ ਰਾਜਿਆ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।ਜਿਨ੍ਹਾਂ ਦੀ ਗਿਣਤੀ 52 ਦੱਸੀ ਜਾਂਦੀ ਹੈ।ਇਸੇ ਕਰਕੇ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ।



ਸ੍ਰੀ ਗੁਰੂ ਹਰਗੋਬਿੰਦ ਜੀ ਧੰਨ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਕੀਤੇ ਸਾਂਝੀਵਾਲਤਾ ਦੇ ਸਿਧਾਂਤ ਦੇ ਪਹਿਰੇਦਾਰ ਵੀ ਸਨ।ਇਸ ਪਹਿਰੇਦਾਰੀ ਦੀ ਗਵਾਹੀ ਲਾਹੌਰ ਦੇ ਰਹਿਣ ਵਾਲੇ ਸ਼ਾਹੀ ਕਾਜੀ ਦੀ ਬੇਟੀ ਬੀਬੀ ਕੌਲਾ ਦੇ ਆਪ ਜੀ ਪ੍ਰਤੀ ਪ੍ਰਗਟਾਏ ਪਿਆਰ ਅਤੇ ਸਤਿਕਾਰ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਗੁਰੂ ਘਰ ਪ੍ਰਤੀ ਬੀਬੀ ਕੌਲਾ ਦਾ ਅਥਾਹ ਪਿਆਰ ਉਸ ਦੇ ਪਿਉਂ ਤੋ ਸਹਾਰਿਆ ਨਾ ਗਿਆ ਅਤੇ ਉਸ ਨੇ ਆਪਣੀ ਲਾਡਲੀ ਦੇ ਖਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਇਸ ਫ਼ਤਵੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਪੰਚਮ ਪਤਾਸ਼ਾਹ ਦੇ ਪਰਮ-ਮਿੱਤਰ ਅਤੇ ਗੁਰੂ ਨਾਨਕ ਦੀ ਸੋਚ ਪ੍ਰਤੀ ਆਸਥਾ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਨੇ ਆਪਣੇ ਖਾਸ ਮੁਰੀਦਾਂ ਦੀ ਮਦਦ ਨਾਲ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੀ ਸ਼ਰਨ ਵਿੱਚ ਭੇਜ ਦਿੱਤਾ।ਬਾਬੇ ਨਾਨਕ ਦਾ ਦਰ ਸ਼ਰਨ ਆਏ ਦੀ ਹਮੇਸ਼ਾ ਲਾਜ ਰੱਖਦਾ ਆਇਆ ਹੈ ਅਤੇ ਬੀਬੀ ਦੀ ਲਾਜ ਰੱਖਣ ਲਈ ਛੇਵੇਂ ਨਾਨਕ ਨੇ ਉਸ ਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਕਰ ਦਿੱਤਾ।

ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨ੍ਹਾਂ ਨੇ ਆਪਣੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ ਤੇ ਵੱਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ। ਇਹ ਨਗਰ ਸਿੱਖ ਸਮਾਜ ਲਈ ਬਹੁਤ ਹੀ ਮੁਕੱਦਸ ਅਤੇ ਸਤਿਕਾਰ ਵਾਲਾ ਹੈ।

ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇ ਆਪਣੀ ਫੌਜ ਰੱਖਣਾ, ਨਗਾਰਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈ ਵਿਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ।ਕੱਟੜ ਪੰਥੀ ਮੁਸਲਮਾਨਾ ਨੂੰ ਖੁਸ਼ ਕਰਨ ਲਈ ਉਸਨੇ ਗੈਰ- ਮੁਸਲਿਮ ਭਾਈਚਾਰੇ ਤੇ ਜ਼ਿਆਦਤੀਆ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ ਪਾਉਣ ਲਈ ਛੇਵੇਂ ਗੁਰੂ ਨੂੰ ਸਮੇ-ਸਮੇਂ ਕਈ ਜੰਗਜੂ ਕਾਰਵਾਈਆਂ/ਲੜਾਈਆਂ ਵੀ ਕਰਨੀਆ ਪਈਆ। ਇਸ ਲੜੀ ਵਜੋ ਉਨ੍ਹਾਂ ਨੂੰ ਰੁਹਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਲੜਾਈ ਲੜਨੀ ਪਈ।

ਗੁਰੂ ਸਾਹਿਬ ਦੀ ਦੂਸ੍ਰੀ ਜੰਗ ਲੋਹਗੜ ਤੋਂ ਲੈ ਕੇ ਅਜੋਕੇ ਖਾਲਸਾ ਕਾਲਜ ਤੱਕ ਹੋਣੀ। ਇਸ ਲੜਾਈ ਵਿਚ ਗੁਰੂ ਕੀ ਫੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈ ਦਾ ਹੈ।

ਤੀਸ੍ਰੀ ਲੜਾਈ ਮਰਾਝ ਦੇ ਨਜਦੀਕ ਇਕ ਢਾਬ ਉੱਤੇ ਮੋਰਚੇ ਕਾਇਮ ਕਰਕੇ ਲੜੀ ਗਈ। ਜਿਸ ਦਾ ਕਾਰਣ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆ ਨੂੰ ਲਾਹੌਰ ਦੇ ਕਿਲ੍ਹੇ ਵਿਚੋ ਕੱਢ ਕੇ ਗੁਰੂ ਦਰਬਾਰ ਵਿਚ ਅਪੜਾਉਣਾ ਸੀ ਜਿਨ੍ਹਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਕੋਲੋ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਹ ਸਮਾਂ ਅੱਧ ਦੰਸਬਰ 1634 ਈ ਦਾ ਹੈ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇ ਰੂਪ ਵਿਚ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਇਹ ਜੰਗ ਅਪ੍ਰੈਲ ਮਹੀਨੇ ਦੇ ਆਖਰੀ ਹਫ਼ਤੇ 1635 ਈਸਵੀ ਨੂੰ ਲਗਾਤਾਰ ਤਿੰਨ ਦਿਨ ਹੁੰਦਾ ਰਿਹਾ।

ਗੁਰੂ ਸਾਹਿਬ ਦੀ ਪੰਜਵੀ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਣੀ ਵਿਚ ਸਮਤੋਲ ਬਣਾਈ ਰੱਖਿਆ ਉਥੇ ਆਪਣੇ ਵਿਸ਼ਵਾਸ਼ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਤਾ ਨੂੰ ਨੇੜੇ ਜਾਣ ਕੇ ਛੇਵੇ ਸਤਿਗੁਰਾਂ ਨੇ ਗੁਰਗੱਦੀ ਦੀ ਜਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ।ਗੁਰਗੱਦੀ ਦੀ ਸੌਂਪਣਾ ਕਰਨ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

# ਲੋਕਤੰਤਰ ਦਾ ਅਰਥ ਸਿਰਫ ਆਜ਼ਾਦ ਅਤੇ ਨਿਰਪੱਖ ਚੋਣਾਂ ਨਹੀਂ

ਆਕਾਰ ਪਟੇਲ

ਪ੍ਰਭੂਸੱਤਾ ਸੰਪੰਨ ਦੇਸ਼ ਉਹ ਹੁੰਦੇ ਹਨ, ਜਿਨ੍ਹਾਂ ਕੋਲ ਮੁਕੰਮਲ ਤਾਕਤ ਹੁੰਦੀ ਹੈ। ਉਨ੍ਹਾਂ ਨੂੰ ਕੁਝ ਅਜਿਹਾ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ, ਜੋ ਉਹ ਨਹੀਂ ਕਰਨਾ ਚਾਹੁੰਦੇ। ਕੌਮਾਂਤਰੀ ਸਬੰਧਾਂ ਵਿੱਚ ਮਹਾਨ ਤਾਕਤ ਉਹ ਹੈ, ਜਿਸ ਦਾ ਉਸ ਦੀਆਂ ਸਰਹੱਦਾਂ ਦੇ ਬਾਹਰ ਪ੍ਰਭਾਵ ਹੋਵੇ। ਅਜਿਹੀ ਤਾਕਤ ਨਾ ਸਿਰਫ਼ ਬਾਹਰੀ ਪ੍ਰਭਾਵ ਨੂੰ ਰੋਕ ਸਕਦੀ ਹੈ, ਸਗੋਂ ਆਪਣੀ ਇੱਛਾ ਨੂੰ ਹੋਰਨਾਂ ਦੇਸ਼ਾਂ ਉੱਤੇ ਵੀ ਲਾਗੂ ਕਰ ਸਕਦੀ ਹੈ।

ਸਾਡੇ ਸਮੇਂ ਵਿੱਚ ਅਮਰੀਕਾ ਅਜਿਹੀ ਤਾਕਤ ਰਿਹਾ ਹੈ, ਜਿਸਦਾ ਵਿਸ਼ਵ ਉੱਤੇ ਪ੍ਰਭਾਵ ਸੀ। ਅਜਿਹਾ ਕਈ ਚੀਜ਼ਾਂ ਦੇ ਪੱਖ ਤੋਂ ਉਸ ਦੇ ਗਲਬੇ ਕਾਰਨ ਹੋਇਆ, ਜਿਸ ਵਿੱਚ ਫ਼ੌਜੀ ਤਾਕਤ ਤੋਂ ਲੈ ਕੇ ਸਭ ਤੋਂ ਵੱਡੀ ਅਰਥਵਿਵਸਥਾ ਹੋਣਾ, ਵਿਸ਼ਵ ਦੀ ਆਰਥਿਕ ਕਰੰਸੀ ਜਾਰੀ ਕਰਨ ਵਾਲੇ ਵਜੋਂ ਉਸ ਦੀ ਸਥਿਤੀ ਅਤੇ ਤਕਨੀਕ ਦੇ ਪੱਖ ਤੋਂ ਉਸ ਦਾ ਗਲਬਾ ਸੀ, ਜਦਕਿ ਰੂਸ ਅਮਰੀਕਾ ਤੋਂ ਕਾਫੀ ਕਮਜ਼ੋਰ ਹੈ ਅਤੇ ਸੋਵੀਅਤ ਯੂਨੀਅਨ ਤੋਂ ਵੀ, ਪਰ ਇਹ ਪ੍ਰਮੁੱਖ ਤਾਕਤ ਆਪਣੀ ਫ਼ੌਜੀ ਸ਼ਕਤੀ ਦੇ ਕਾਰਨ ਹੈ, ਜਿਸ ਨੂੰ ਸੀਰੀਆ ਵਰਗੇ ਥਾਵਾਂ ਉੱਤੇ ਤਾਇਨਾਤ ਕੀਤਾ ਗਿਆ ਹੈ। ਯਕੀਨੀ ਤੌਰ ਉੱਤੇ ਚੀਨ ਅੱਜ ਆਪਣੀ ਅਰਥਵਿਵਸਥਾ ਦੀ ਤਾਕਤ ਕਾਰਨ ਮਹਾਨ ਤਾਕਤ ਹੈ, ਜੋ ਭਾਰਤੀ ਜੀ ਡੀ ਪੀ ਦੇ ਮੁਕਾਬਲੇ ਛੇ ਗੁਣਾ ਵੱਡੀ ਹੈ ਅਤੇ ਇਸ ਦਾ ਫ਼ੌਜੀ ਖਰਚ ਸਾਡੇ ਤੋਂ ਚਾਰ ਗੁਣਾ ਵੱਧ ਬਜਟ ਵਾਲਾ ਹੈ। ਚੀਨ ਦਾ ਅਫਰੀਕਾ ਵਰਗੇ ਪੂਰੇ ਮਹਾਦੀਪਾਂ ਉੱਤੇ ਵਰਣਨਯੋਗ ਪ੍ਰਭਾਵ ਹੈ, ਜਿੱਥੇ ਮੁੱਢਲੇ ਢਾਂਚੇ ਅਤੇ ਹੋਰ ਪ੍ਰਾਜੈਕਟਾਂ ਵਿੱਚ ਇਸ ਦਾ ਨਿਵੇਸ਼ ਜ਼ਮੀਨੀ ਸਿਆਸੀ ਮਾਮਲਿਆਂ ਵਿੱਚ ਵੀ ਇਸ ਨੂੰ ਲਾਭ ਦੇਂਦਾ ਹੈ।

ਭਾਰਤ ਕੋਲ ਮੌਜੂਦਾ ਸਮੇਂ ਵਿੱਚ ਅਮਰੀਕਾ ਜਾਂ ਚੀਨ ਵਰਗੀ ਆਰਥਿਕ ਸ਼ਕਤੀ ਨਹੀਂ। ਫ਼ੌਜੀ ਪੱਖ ਤੋਂ ਅਸੀਂ ਵੱਖਰੇ ਹਾਂ। ਸਾਡੇ ਕੋਲ ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਫ਼ੌਜ (ਚੀਨ ਦੇ ਬਾਅਦ) ਹੈ, ਪਰ ਇਹ ਮੁੱਖ ਤੌਰ ਉੱਤੇ ਰੱਖਿਆ ਵਾਲੀ ਫ਼ੌਜ ਹੈ, ਜਿਸ ਦਾ ਗਿਆਨ ਭਾਰਤ ਵਿੱਚ ਬਗਾਵਤ ਦੀ ਰੋਕਥਾਮ ਉੱਤੇ ਹੈ, ਖਾਸ ਕਰ ਕੇ ਕਸ਼ਮੀਰ ਵਿੱਚ ਅਤੇ 2020 ਦੇ ਬਾਅਦ ਸਰਹੱਦ ਉੱਤੇ ਚੀਨ ਦੇ ਵਿਰੁੱਧ ਇਸਦਾ ਵੱਧ ਧਿਆਨ ਹੈ। ਇਹ ਅਜਿਹੀ ਫ਼ੌਜ ਨਹੀਂ, ਜੋ ਕਿਸੇ ਵੀ ਹੱਦ ਤੱਕ ਆਪਣੀਆਂ ਸਰਹੱਦਾਂ ਦੇ ਬਾਹਰ ਆਪਣੀ ਤਾਕਤ ਦਾ ਵਿਖਾਵਾ ਕਰਦੀ ਹੈ ਜਾਂ ਇਸ ਕੋਲ ਏਦਾਂ ਕਰਨ ਦੀ ਸਮਰੱਥਾ ਹੈ।

ਇੱਥੋਂ ਤੱਕ ਕਿ ਅਜਿਹੀ ਕੋਸ਼ਿਸ਼ ਨਾ ਕਰਨ ਲਈ ਸਾਡੇ ਕੋਲ ਚੰਗੇ ਕਾਰਨ ਹਨ। ਭਾਰਤਦੇ ਆਪਣੇ ਸੀਮਤ ਸਰੋਤਾਂ ਨੂੰ ਫ਼ੌਜੀ ਸ਼ਕਤੀ ਵਿਕਸਿਤ ਕਰਨ ਲਈ ਖਰਚ ਕਰਨ ਦੀ ਸਮਰੱਥਾ ਨਹੀਂ, ਜਿਸ ਦੀ ਵਰਤੋਂ ਸ਼ੁੱਧ ਤੌਰ ਉੱਤੇ ਸੁਰੱਖਿਆ ਲਈ ਕੀਤੀ ਜਾਵੇ, ਜਦਕਿ ਭਾਰਤ ਕੋਲ ਅਜੇ ਵੀ ਦੋ ਰਸਤੇ ਹਨ, ਜਿਨ੍ਹਾਂਨਾਲ ਇਹ ਵਿਸ਼ਵ ਨੂੰ ਪ੍ਰਭਾਵਤ ਕਰ ਸਕਦਾ ਹੈ। ਪਹਿਲਾ ਹੈ, ਵਿਸ਼ਵ ਦੇ ਸਭ ਤੋਂ ਵੱਧ ਆਬਾਦੀ ਵਾਲੇ ਲੋਕਤੰਤਰ ਵਜੋਂ ਇਹ ਹੋਰਨਾਂ ਲੋਕਤੰਤਰਾਂ ਨਾਲ ਤਾਲਮੇਲ ਬਣਾ ਕੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਪਸਾਰ ਕਰ ਸਕਦਾ ਹੈ। ਦੂਜਾ, ਇੱਕ ਅਭਿਲਾਸ਼ੀ ਤਾਕਤ ਵਜੋਂ ਇਹ ਚੀਨ ਵਾਂਗ ਆਪਣੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਦਾ ਹੈ ਤਾਂ ਕਿ ਵਪਾਰ ਅਤੇ ਨਿਵੇਸ਼ ਰਾਹੀਂ ਦੁਨੀਆ ਨੂੰ ਪ੍ਰਭਾਵਿਤ ਕਰ ਸਕੇ।

ਇੱਥੇ ਅਸੀਂ ਦੋਵਾਂ ਗੱਲਾਂ ਵਿੱਚ ਅਸਫਲ ਰਹੇ ਹਾਂ। ਮੈਂ ਦੱਸਦਾ ਹਾਂ ਕਿਵੇਂ। ਲੋਕਤੰਤਰ ਦਾ ਅਰਥ ਸਿਰਫ ਆਜ਼ਾਦਅਤੇ ਨਿਰਪੱਖ ਚੋਣ ਅਤੇ ਵਿਸ਼ਵ ਪੱਧਰੀ ਵੋਟ ਅਧਿਕਾਰ ਨਹੀਂ। ਸਾਡੇ ਵਿੱਚੋਂ ਬਹੁਤੇਏਦਾਂ ਦੇਖਦੇ ਹਨ, ਪਰ ਲੋਕਤੰਤਰੀ ਜਗਤ ਵਿੱਚ ਹੋਰ ਲੋਕ ਲੋਕਤੰਤਰ ਨੂੰ ਇਸ ਤਰ੍ਹਾਂ ਨਹੀਂ ਦੇਖਦੇ। ਲੋਕਤੰਤਰ ਓਨੀ ਹੀ ਬੋਲਣ ਦੀ ਆਜ਼ਾਦੀ, ਧਰਮ ਅਤੇ ਆਰਥਿਕ ਆਜ਼ਾਦੀ, ਸਮਾਜਿਕ ਅਤੇ ਸੱਭਿਆਚਾਰ ਅਧਿਕਾਰਾਂ ਲਈ ਹੈ, ਜਿੰਨਾ ਵੋਟ ਦੇ ਅਧਿਕਾਰ ਲਈ।

ਇੱਥੇ ਅਸੀਂ ਵੱਖ-ਵੱਖ ਵਿਸ਼ਵ ਪੱਧਰੀ ਸੂਚਕਅੰਕਾਂ ਵਿੱਚ ਖੁਦ ਨੂੰ ਪੱਛੜਦਾ ਪਾਉਂਦੇ ਹਾਂ, ਜੋ ਅਜਿਹੀਆਂ ਚੀਜ਼ਾਂ ਦੇਖਦੇ ਹਾਂ ਤੇ ਮੈਂ ਉਨ੍ਹਾਂ ਸੂਚਕਅੰਕਾਂ ਨਾਲ ਸਹਿਮਤ ਹਾਂ। ਭਾਰਤ ਅੰਸ਼ਿਕ ਤੌਰ ਉੱਤੇ ਲੋਕਤੰਤਰੀ ਹੈ। ਇਸ ਕਾਰਨ ਅਸੀਂ ਆਪਣੀ ਸੰਭਾਵਤ ਸਮਰੱਥਾ ਦੀ ਵਰਤੋਂ ਨਹੀਂ ਕਰ ਸਕਦੇ। ਇਸ ਕਾਰਨ ਹੀ ਸਾਨੂੰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਤੇ ਘੱਟਗਿਣਤੀਆਂ ਨਾਲ ਸਾਡੇ ਵਿਹਾਰ ਬਾਰੇ ਹੋਰ ਦੇਸ਼ਾਂ ਤੋਂ ਭਾਸ਼ਣ ਸੁਣਨੇ ਪੈਂਦੇ ਹਨ।ਅਰਥਵਿਵਸਥਾ ਦੇ ਪੱਖ ਤੋਂ ਇਸ ਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ ਕਿ ਪ੍ਰਤੀ ਵਿਅਕਤੀ ਜੀ ਡੀ ਪੀ ਦੇ ਮਾਮਲੇ ਵਿੱਚ ਬੰਗਲਾਦੇਸ਼ ਸਾਡੇ ਤੋਂ ਅੱਗੇ ਨਿਕਲ ਗਿਆ ਹੈ। 2014 ਵਿੱਚ ਉਹ ਦੇਸ਼ ਸਾਡੇ ਤੋਂ ਲੱਗਭਗ 50 ਫ਼ੀਸਦੀ ਪਿੱਛੇ ਸੀ, ਪਰ ਅੱਗੇ ਨਿਕਲ ਗਿਆ ਹੈ ਅਤੇ ਨੇੜਲੇ ਭਵਿੱਖ ਵਿੱਚ ਅੱਗੇ ਰਹੇਗਾ।ਬੇਰੋਜ਼ਗਾਰੀ ਅਤੇ ਖਪਤ ਉੱਤੇ ਸਾਡੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਹਾਲਾਤ ਨੇੜਲੇ ਭਵਿੱਖ ਵਿੱਚ ਇੱਥੇ ਬਿਹਤਰ ਨਹੀਂ ਹੋਣ ਵਾਲੇ। ਬੀਤੇ ਕੁਝ ਸਾਲਾਂ ਵਿੱਚ ਅਸੀਂ ਜੋ ਰਸਤਾ ਅਪਣਾਇਆ ਹੈ ਉਸ ਨੂੰ ਦੇਖਦੇ ਹੋਏ ਇਹ ਸਪੱਸ਼ਟ ਹੈ ਕਿ ਅਸੀਂ ਆਰਥਿਕ ਤੌਰ ਉੱਤੇ ਅਗਲਾ ਚੀਨ ਜਾਂ ਅਗਲਾ ਅਮਰੀਕਾ ਨਹੀਂ ਬਣਾਂਗੇ।

ਸਾਡੇ ਨੇੜੇ-ਨੇੜੇ ਜਰਮਨੀ, ਜਾਪਾਨ, ਤਾਈਵਾਨ ਤੇ ਦੱਖਣੀ ਕੋਰੀਆ, ਕਿਉਂਕਿ ਉਨ੍ਹਾਂ ਨੇ ਆਪਣੀ ਅਰਥਵਿਵਸਥਾ ਤੇ ਆਪਣੀਆਂ ਤਕਨੀਕਾਂ ਨੂੰ ਵਿਕਸਿਤ ਕੀਤਾ ਹੈ, ਨੂੰ ਉਨ੍ਹਾਂ ਦੀਆਂ ਸਰਹੱਦਾਂ ਤੋਂ ਬਾਹਰ ਦੁਨੀਆ ਨੂੰ ਪ੍ਰਭਾਵਿਤ ਕਰਨਦੇ ਸਮਰੱਥ ਦੇਖਿਆ ਜਾ ਸਕਦਾ ਹੈ, ਜਿਵੇਂ ਕੁਝ ਹੋਰ ਦੇਸ਼ ਕਰ ਸਕਦੇ ਹਨ। ਭਾਰਤ ਉਨ੍ਹਾਂ ਸਾਰਿਆਂ ਨੂੰ ਮਿਲਾ ਕੇ ਉਨ੍ਹਾਂ ਤੋਂ ਕਿਤੇ ਵੱਡਾ ਹੈ ਪਰ ਸਾਡੀ ਕਮਜ਼ੋਰ ਅਰਥਵਿਵਸਥਾ ਕਾਰਨ ਇਸ ਕੋਲ ਅਜਿਹੀਆਂ ਸਮਰੱਥਾਵਾਂ ਨਹੀਂ ਹਨ।ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦੁਨੀਆ ਉੱਤੇ ਚੀਨ ਦਾ ਪ੍ਰਭਾਵ ਸਾਲ 2000 ਦੇ ਬਾਅਦ ਤੋਂ ਵਧਿਆ ਹੈ, ਯੂ ਐੱਨ ਸਕਿਓਰਿਟੀ ਕੌਂਸਲ (ਯੂ ਐਨ ਐਸ ਸੀ) ਵਿੱਚ ਇਸ ਦੀ ਸਥਿਤੀ ਕਾਰਨ ਨਹੀਂ ਹੋਇਆ। ਇਸ ਕੋਲ ਯੂ ਐਨ ਐਸ ਸੀ ਵਿੱਚ ਵੀਟੋ ਦਾ ਅਧਿਕਾਰ ਹੈ, ਪਰ ਉਹ ਇਸ ਦੀ ਤਾਕਤ ਨਹੀਂ, ਜੋ ਲੱਗਭਗ ਪੂਰੀ ਤਰ੍ਹਾਂ ਇਸ ਦੀ ਅਰਥਵਿਵਸਥਾ ਤੋਂ ਆਉਂਦੀ ਹੈ।

ਇਹ ਉਹ ਚੀਜ਼ਾਂ ਹਨ, ਜਿਨ੍ਹਾਂ ਨੂੰ ਸਾਨੂੰ ਉਦੋਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਦੋਂ ਅਸੀਂ ਇਸ ਦੀ ਸਮੀਖਿਆ ਕਰੀਏ ਕਿ ਕਿਉਂ ਭਾਰਤ ਸਰਕਾਰ ਅਤੇ ਸੱਤਾਧਾਰੀ ਪਾਰਟੀ ਕੁਝ ਖਾੜੀ ਦੇਸ਼ਾਂ ਦੀ ਮੰਗ ਅੱਗੇ ਝੁਕ ਜਾਂਦੀ ਹੈ। ਮੁੱਦਾ ਇਹ ਨਹੀਂ ਕਿ ਮੰਗ ਤਰਕਪੂਰਨ ਹੈ ਜਾਂ ਨਹੀਂ ਤੇ ਮੁੱਦਾ ਇਹ ਵੀ ਨਹੀਂ ਕਿ ਭਾਜਪਾ ਨੇ ਭਾਰਤ ਨੂੰ ਤੋਹਫੇ ਵਜੋਂ ਇਸ ਗੜਬੜ ਵਿੱਚ ਫਸਾ ਦਿੱਤਾ। ਮੁੱਦਾ ਇਹ ਹੈ ਕਿ ਕਿਉਂ ਭਾਜਪਾ ਸਰਕਾਰ ਨੂੰ ਕੁਝ ਅਜਿਹਾ ਕਰਨ ਲਈ ਮਜ਼ਬੂਰ ਕੀਤਾ ਗਿਆ ਜੋ ਉਹ ਨਹੀਂ ਕਰਨਾ ਚਾਹੁੰਦੀ। ਅਜਿਹਾ ਇਸ ਲਈ ਕਿ ਭਾਜਪਾ ਨੂੰ ਪਤਾ ਨਹੀਂ ਸੀ ਕਿ ਸਰਕਾਰ ਕੋਲ ਅੰਦਰੂਨੀ ਵਿਹਾਰ ਨੂੰ ਲੈ ਕੇ ਹਰ ਤਰ੍ਹਾਂ ਦੀਆਂ ਆਲੋਚਨਾਵਾਂ ਨੂੰ ਮੋੜਨ ਦੀ ਸਮਰੱਥਾ ਨਹੀਂ ਹੈ।

ਜਿਸ ਤਰ੍ਹਾਂ ਸਾਡਾ ਪਰਦਾਫਾਸ਼ ਹੋਇਆ ਹੈ, ਅਸੀਂ ਬਾਹਰੀ ਦੁਨੀਆ ਪ੍ਰਤੀ ਸੰਵੇਦਨਸ਼ੀਲ ਹਾਂ। ਭਾਜਪਾ ਨੂੰ ਇਸ ਤੋਂ ਕੀ ਸਬਕ ਸਿੱਖਣਾ ਚਾਹੀਦਾ ਹੈ? ਬਾਹਰੀ ਦਬਾਅ ਦਾ ਸਾਹਮਣਾ ਕਰਨ ਲਈ ਇਹ ਭਾਰਤ ਦੇ ਅੰਤਾ ਨਿਹਿਤ ਗੁਣਾਂ ਦੀ ਵਰਤੋਂ ਕਰ ਕੇ ਅਤੇ ਮਨੁੱਖੀ ਅਧਿਕਾਰਾਂ ਅਤੇ ਘੱਟਗਿਣਤੀ ਅਧਿਕਾਰਾਂ ਲਈ ਹੋਰ ਥਾਂ ਬਣਾ ਕੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਇਹ ਘੱਟ ਸਮੇਂ ਵਿੱਚ ਕੀਤਾ ਜਾ ਸਕਦਾ ਹੈ। ਭਾਰਤ ਨੂੰ ਪ੍ਰਮੁੱਖ ਆਰਥਿਕ ਸ਼ਕਤੀ ਬਣਾਉਣ ਵਿੱਚ ਲੰਬਾ ਸਮਾਂ ਲੱਗ ਸਕਦਾ ਹੈ ਪਰ ਪਹਿਲਾ ਕਦਮ ਇਸ ਗੱਲ ਦਾ ਮੁਲਾਂਕਣ ਕਰਨਾ ਹੋ ਸਕਦਾ ਹੈ ਕਿ ਬੀਤੇ ਕੁਝ ਸਾਲਾਂ ਦੌਰਾਨ ਕੀ ਗਲਤ ਹੋਇਆ ਹੈ, ਖਾਸ ਕਰ ਕੇ 2016 ਦੇ ਬਾਅਦ ਤੋਂ।ਜੇ ਇਹ ਇਨ੍ਹਾਂ ਵਿੱਚੋਂ ਕੁਝ ਵੀ ਨਹੀਂ ਕਰਨਾ ਚਾਹੁੰਦੀ ਤਾਂ ਤੀਸਰਾ ਰਸਤਾ ਹੈ ਜਿਸ ਨਾਲ ਬਾਹਰੀ ਦਬਾਅ ਨੂੰ ਸੀਮਤ ਕੀਤਾ ਜਾ ਸਕਦਾ ਹੈ। ਭਾਜਪਾ ਨੂੰ ਜ਼ਰੂਰੀ ਤੌਰ ਉੱਤੇ ਅਜਿਹੀਆਂ ਚੀਜ਼ਾਂ ਨਹੀਂ ਕਰਨੀਆਂ ਚਾਹੀਦੀਆਂ ਜੋ ਬਾਹਰੀ ਦੁਨੀਆ ਨੂੰ ਸਾਨੂੰ ਭਾਸ਼ਣ ਦੇਣ ਅਤੇ ਅਜਿਹੀਆਂ ਚੀਜ਼ਾਂ ਕਰਨ ਲਈ ਮਜ਼ਬੂਰ ਕਰਨ ਦਾ ਮੌਕਾ ਦੇਣ ਜੋ ਅਸੀਂ ਨਹੀਂ ਕਰਨਾ ਚਾਹੁੰਦੇ।

# ਬਦਲਵੇਂ ਰੋਜ਼ਗਾਰ ਦੀ ਭਾਲ ਵਿੱਚ ਗੱਬਰ

ਜਦ ਉਹੀ ਧੰਦਾ ਸ਼ਹਿਰ ਵਿੱਚ ਰਹਿ ਕੇ ਕੀਤਾ ਜਾ ਸਕਦਾ ਹੈ ਤਾਂ ਜੰਗਲ ਵਿੱਚ ਛਿਪ ਕੇ ਕਿਉਂ ਰਿਹਾ ਜਾਏ? ਇੱਕ ਦਿਨ ਗੱਬਰ ਦੀ ਚਲਾਕ ਅੰਤਰ ਆਤਮਾ ਤੋਂ ਆਵਾਜ਼ ਆਈ, ‘‘ਓ ਮੂਰਖਾ, ਪਰਿਵਰਤਨ ਕੁਦਰਤ ਦਾ ਪੱਕਾ ਨਿਯਮ ਹੈ। ਤੂੰ ਦੇਖਦਾ ਹੋਵੇਂਗਾ ਕਿ ਨੇਤਾ ਆਏ ਦਿਨ ਆਪਣੀ ਪਾਰਟੀਆਂ ਦੀਆਂ ਗੱਲਾਂ ਬਦਲਦੇ ਹਨ। ਬਿਆਨਵੀਰ ਆਪਣੇ ਬਿਆਨ ਬਦਲ ਲੈਂਦੇ ਹਨ। ਸਰਕਾਰ ਵਿੱਚ ਮੰਤਰੀਆਂ ਦੇ ਵਿਭਾਗ ਬਦਲ ਜਾਂਦੇ ਹਨ। ਅਧਿਕਾਰੀਆਂ ਤਐ ਮੁਲਾਜ਼ਮਾਂ ਦੇ ਤਬਾਦਲੇ ਹੁੰਦੇ ਹਨ। ਜਿਨ੍ਹਾਂ ਦਾ ਟਰਾਂਸਫਰ ਕੀਤਾ ਜਾਵੇ, ਉਹ ਜਦ ਦੂਸਰੀ ਜਗ੍ਹਾਤੈਨਾਤ ਹੁੰਦੇ ਹਨ ਤਾਂ ਕੀ ਉਨ੍ਹਾਂ ਦੇ ਗੁਣ-ਧਰਮ ਬਦਲ ਜਾਂਦੇ ਹਨ? ਭ੍ਰਿਸ਼ਟਾਚਾਰੀ ਨੂੰ ਕਿਤੇ ਵੀ ਭੇਜ ਦਿਓ, ਭ੍ਰਿਸ਼ਟਾਚਾਰੀ ਰਹੇਗਾ। ਉਸ ਨੂੰ ਸਦਾਚਾਰੀਆਂ ਦੀ ਭੀੜ ਵਿੱਚ ਬਿਠਾ ਦਿਓ, ਤਦ ਵੀ ਖੁਦ ਤਾਂ ਸੁਧਰੇਗਾ ਨਹੀਂ, ਉਥੋਂ ਦੇ ਲੋਕਾਂ ਨੂੰ ਆਪਣੇ ਵਰਗਾ ਜ਼ਰੂਰ ਬਣਾ ਲਵੇਗਾ। ਤੂੰ ਸੁਭਾਅ ਤੋਂ ਡਾਕੂ ਏਂ, ਡਾਕੂ ਹੀ ਰਹੇਂਗਾ। ਇਸ ਲਈ ਜਗ੍ਹਾ ਬਦਲਣ ਤੇ ਆਪਣੇ ਕਰਮ ਪਰਿਵਰਤਨ ਨੂੰ ਜਿਉਂ ਦਾ ਤਿਉਂ ਹੀ ਬਣਿਆ ਰਹਿਣਦੇ। ਚੱਲ , ਸਨਮਾਨਿਤ ਜ਼ਿੰਦਗੀ ਜਿਊਣ ਦੀ ਰਾਹ ਫੜ ਲੈ।’’

ਜਦ ਗੱਬਰ ਦੀ ਅੰਤਰ ਆਤਮਾ ਤੋਂ ਇਹ ਆਵਾਜ਼ ਵਾਰ-ਵਾਰ ਉਠਣ ਲੱਗੀ, ਉਸ ਨੇ ਇੱਕ ਸ਼ਾਮ ਆਪਣੇ ਗੈਂਗ ਦੇ ਮੈਂਬਰਾਂ ਦਾ ਪੈਨਲ ਬਣਾਇਆ। ਖੁਦ ਐਂਕਰ ਦੀ ਭੂਮਿਕਾ ਵਿੱਚ ਰਹਿੰਦੇ ਹੋਏ ਧੂੰਆਂਧਾਰ ਬਹਿਸ ਕੀਤੀ। ਇੱਕ ਬਹਿਸਬਾਜ਼ ਡਾਕੂ ਨੇ ਕਿਹਾ, ‘‘ਡਕੈਤੀ ਮਾਰਨਾ ਘਟੀਆ ਕੰਮ ਹੈ। ਸਾਨੂੰ ਬਦਲਵੇਂ ਰੋਜ਼ਗਾਰ ਦੀ ਤਲਾਸ਼ ਕਰਨੀ ਚਾਹੀਦੀ ਹੈ।’’

ਇਹ ਸੁਣ ਕੇ ਦੂਸਰੇ ਖਤਰਨਾਕ ਬਹਿਸਬਾਜ਼ ਨੇ ਤਿੱਖਾ ਇਤਰਾਜ਼ ਕੀਤਾ, ‘‘ਤੂੰ ਬਕਵਾਸ ਕਰ ਰਿਹਾ ਏਂ। ਡਕੈਤੀ ਸਾਡਾ ਪਵਿੱਤਰ ਧਰਮ ਹੈ। ਕੋਈ ਸਾਡੇ ਧਰਮ ਬਾਰੇ ਅਜਿਹੀ ਗੱਲ ਕਰੇ ਤਾਂ ਮੈਂ ਉਸ ਦਾ ਸਿਰ ਕਲਮ ਕਰ ਦਿਆਂਗਾ।’’

ਤੀਸਰੇ ਬਹਿਸਬਾਜ਼ ਡਕੈਤ ਨੇ ਕਿਹਾ, ‘‘ਡਕੈਤੀ ਦੇ ਧੰਦੇ ਵਿੱਚ ਪਹਿਲਾਂ ਵਰਗੀ ਬਰਕਤ ਨਹੀਂ। ਮੈਂ ਕੱਲ੍ਹ ਸਰਦਾਰ ਦੇ ਕਹਿਣ ਉੱਤੇ ਇੱਕ ਪਿੰਡ ਵਿੱਚ ਗਿਆ। ਉਥੇ ਪਹਿਲਾਂ ਸਾਡੇ ਜਾਂਦੇ ਹੀ ਲੋਕ ਆਪਣੇ ਘਰਾਂਤੋਂ ਅਨਾਜ ਦੀਆਂ ਬੋਰੀਆਂ ਲਿਆ ਕੇ ਸਾਡੇ ਚਰਨਾਂ ਵਿੱਚ ਰੱਖ ਦਿੰਦੇ ਸਨ। ਇਸ ਵਾਰ ਮੈਨੂੰ ਪਤਾ ਲੱਗਾ ਕਿ ਸਾਰੇ ਲੋਕ ਖੁਦ ਥੈਲੇ ਲੈ ਕੇ ਪੰਜ ਕਿਲੋ ਅਨਾਜ ਲੈਣ ਲਈ ਸਰਕਾਰੀ ਗੱਲੇ ਦੀਆਂ ਦੁਕਾਨਾਂ ਉੱਤੇ ਗਏ ਹੋਏ ਸਨ।’’

ਚੌਥੇ ਬਹਿਸਬਾਜ਼ ਡਾਕੂ ਨੇ ਕਿਹਾ, ‘‘ਸਰਦਾਰ, ਤੁਸੀਂ ਦੱਸੋ। ਤੁਹਾਡਾ ਫੈਸਲਾ ਸਾਨੂੰ ਦਿਸ਼ਾ ਦਿਖਾ ਸਕਦਾ ਹੈ।’’

ਗੱਬਰ ਨੇ ਬਹਿਸ ਉੱਤੇ ਰੋਕ ਲਾਉਂਦੇ ਹੋਏ ਕਿਹਾ, ‘‘ਮੈਂ ਤੁਹਾਡੇ ਸਾਰਿਆਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਤੇ ਇਸ ਫੈਸਲੇ ਉੱਤੇ ਪਹੁੰਚਿਆ ਹਾਂ ਕਿ ਸਾਨੂੰ ਆਪਣਾ ਡਕੈਤੀ ਵਾਲਾ ਧੰਦਾ ਛੱਡ ਦੇਣਾ ਚਾਹੀਦਾ ਅਤੇ ਦੂਸਰੇ ਬਦਲਵੇਂ ਰਾਹ ਲੱਭਣੇ ਚਾਹੀਦੇ ਹਨ। ਅਸੀਂ ਇਨ੍ਹਾਂ ਜੰਗਲਾਂ ਵਿੱਚ ਅੱਡੇ ਬਦਲਦੇ ਤੰਗ ਆ ਚੁੱਕੇ ਹਾਂ। ਉਤੋਂ ਹਮੇਸ਼ਾ ਪੁਲਸ ਦਾ ਡਰ ਰਹਿੰਦਾ ਹੈ। ਨਾਲ ਮੁਖਬਰੀ ਦੇ ਖਤਰੇ ਤਾਂ ਹਨ ਹੀ। ਕੀ ਪਤਾ, ਆਪਣੇ ਗੈਂਗ ਦਾ ਕਿਹੜਾ ਬੰਦਾ ਕਦੋਂ ਦਗ਼ਾ ਦੇ ਜਾਏ ਤੇ ਅਸੀਂ ਸਾਰੇ ਇੱਕ ਦਿਨ ਕਿਸੇ ਐਨਕਾਊਂਟਰ ਵਿੱਚ ਮਾਰ ਦਿੱਤੇ ਜਾਈਏ! ਕਿਉਂ ਕਾਲੀਆ?’’

ਇਸ ਉੱਤੇ ਕਾਲੀਆ ਕਹਿਣ ਲੱਗਾ, ‘‘ਸਰਦਾਰ, ਮੈਂ ਤੁਹਾਡਾ ਨਮਕ ਖਾਧਾ ਹੈ। ਇਸ ਘੋਰ ਮਹਿੰਗਾਈ ਦੇ ਦੌਰ ਵਿੱਚ ਤੁਸੀਂ ਸਾਨੂੰ ਨਿੰਬੂ ਵੀ ਖਵਾਏ ਹਨ। ਤੁਹਾਡੀ ਕ੍ਰਿਪਾ ਬਣੀ ਰਹੇਗੀ ਤਾਂ ਤੁਹਾਡੇ ਫਾਰਮ ਹਾਊਸ ਵਿੱਚ ਬੈਠ ਕੇ ਕੱਲ੍ਹ ਪਿੱਜ਼ਾ-ਬਰਗਰ ਵੀ ਖਾਵਾਂਗੇ। ਵੈਸੇ ਵੀ ਇਹ ਸਾਡਾ ਜੱਦੀ ਧੰਦਾ ਤਾਂ ਹੈ ਨਹੀਂ ਕਿ ਇਸ ਨੂੰ ਛੱਡ ਦੇਣ ਵਿੱਚ ਡਾਕੂਆਂ ਦੀ ਬਰਾਦਰੀ ਵਿੱਚ ਨੱਕ ਕੱਟੀ ਜਾਏਗੀ। ਅਸੀਂ ਜੰਗਲਾਂ ਦੀ ਜਗ੍ਹਾ ਸ਼ਹਿਰ ਵਿੱਚ ਰਹਿ ਕੇ ਵੀ ਉਥੋਂ ਦੇ ਸਨਮਾਨਿਤ ਡਾਕੂਆਂ ਵਰਗੀਆਂ ਸ਼ਾਨਦਾਰ ਜ਼ਿੰਦਗੀ ਜੀਅ ਸਕਦੇ ਹਾਂ।’’

ਗੱਬਰ ਨੇ ਆਖਰ ਵਿੱਚ ਸਾਂਭਾ ਨੂੰ ਪੁੱਛਿਆ, ‘‘ਓ ਸਾਂਭਾ, ਤੂੰ ਕਿਉਂ ਚੁੱਪ ਏਂ? ਤੂੰ ਦੱਸ ਕਿ ਕੀ ਕਰਨਾ ਚਾਹੀਦੈ?’’

ਸਾਂਭਾ ਕਹਿਣ ਲੱਗਾ, ‘‘ਸਰਦਾਰ, ਤੁਸੀਂ ਜੋ ਫੈਸਲਾ ਲਿਆ ਹੈ, ਉਹੀ ਸਹੀ ਹੈ।’’

ਇਸ ਦੇ ਬਾਅਦ ਹੋਇਆ ਇਹ ਕਿ ਆਪਣੇ ਡਰ ਕਾਰਨ ਖਤਰਨਾਕ ਹੋ ਚੁੱਕਾ ਗੱਬਰ ਸ਼ਰੀਫ ਡਾਕੂ ਬਣ ਗਿਆ। ਵੈਸੇ ਵੀ ਖਤਰਨਾਕ ਅਤੇ ਮਸ਼ਹੂਰ ਹੋਣ ਵਿੱਚ ਕੋਈ ਖਾਸ ਫਰਕ ਨਹੀਂ ਹੁੰਦਾ ਹੈ। ਸਿਰਫ ਜੰਗਲ ਅਤੇ ਨਗਰ ਦਾ ਫਰਕ ਹੁੰਦਾ ਹੈ। ਗੱਬਰ ਅਤੇ ਉਸ ਦੇ ਸਾਥੀ ਹੁਣ ਸਨਮਾਨਿਤ ਡਾਕੂ ਬਣ ਗਏ। ਪੁਲਸ ਉਸ ਨੂੰ ਮਾਰਨ ਦੀ ਫਿਰਾਕ ਵਿੱਚ ਨਹੀਂ ਰਹੀ, ਬਲਕਿ ਉਹ ਉਸ ਨੂੰ ਸਲਾਮ ਕਰਦੀ ਹੈ, ਪ੍ਰੰਤੂ ਇੱਕ ਦਿਨ ਗੱਬਰ ਨਾਲ ਇੱਕ ਬੁਰੀ ਗੱਲ ਹੋ ਗਈ। ਉਸ ਦੇ ਘਰ ਉੱਤੇ ਸੀ ਬੀ ਆਈ ਅਤੇ ਈ ਡੀ ਦਾ ਛਾਪਾ ਪੈ ਗਿਆ। ਉਸ ਦੀ ਹਵੇਲੀ ਉੱਤੇ ਬੁਲਡੋਜ਼ਰ ਚੱਲ ਗਿਆ। ਗੱਬਰ ਪੂਰੇ ਗੈਂਗ ਨਾਲ ਜੇਲ੍ਹ ਵਿੱਚ ਹੈ ਅਤੇ ਆਪਣੀ ਚਲਾਕ ਅੰਤਰ ਆਤਮਾ ਨੂੰ ਤਲਾਸ਼ ਰਿਹਾ ਹੈ, ਪ੍ਰੰਤੂ ਗੱਬਰ ਇਹ ਗੱਲ ਨਹੀਂ ਜਾਣਦਾ ਕਿ ਉਸ ਦੀ ਅੰਤਰ ਆਤਮਾ ਡਕੈਤਾਂ ਦੇ ਧੰਦੇ ਵਿੱਚ ਆਉਂਦੇ ਹੀ ਮਰ ਗਈ ਚੁੱਕੀ ਸੀ। ਦਰਅਸਲ ਇਹ ਉਸ ਦਾ ਅੰਦਰਲਾ ਡਰ ਸੀ, ਜਿਸ ਨੂੰ ਉਹ ਗਲਤੀ ਨਾਲ ਆਪਣੀ ਚਲਾਕ ਅੰਤਰ ਆਤਮਾ ਸਮਝ ਬੈਠਾ ਸੀ।

*-ਸੂਰਜ ਕੁਮਾਰ ਪਾਂਡੇ।*

# ਉਹ ਡੇਢ ਸਾਲ

-ਹਰੀਤ

ਗੱਲ ਵੀਹ ਸੌ ਉਨੀ ਤੇ ਵੀਹ ਦੇ ਵਿਚਕਾਰ ਦੀ ਹੈ, ਜਦੋਂ ਮੈਂ ਆਪਣੀ 12ਵੀਂ ਪਾਸ ਕਰ ਕੇ ਅੱਗੇ ਦੀ ਪੜ੍ਹਾਈ ਬਾਰੇ ਸੋਚ ਰਹੀ ਸੀ। ਘਰ ਦੇ ਹਾਲਾਤ ਨੇ ਮੈਨੂੰ ਇਸ ਤਰ੍ਹਾਂ ਜਕੜਿਆ ਹੋਇਆ ਸੀ ਕਿ ਨਾ ਅੱਗੇ ਬਾਰੇ ਕੁਝ ਸੋਚਿਆ ਜਾ ਰਿਹਾ ਸੀ ਤੇ ਨਾ ਇਹ ਕਿ ਅੱਗੇ ਕਿਹੜੀ ਪੜ੍ਹਾਈ ਕਰਨੀ ਹੈ। ਮਾਨਸਿਕ ਤੌਰ ਉੱਤੇ ਬਹੁਤ ਕਮਜ਼ੋਰ ਮਹਿਸੂਸ ਕਰ ਰਹੀ ਸੀ।

12ਵੀਂ ਤੋਂ ਅੱਗੇ ਦੀ ਪੜ੍ਹਾਈ ਬਾਰੇ ਸੋਚਣਾ ਵੀ ਬਹੁਤ ਮੁਸ਼ਕਲ ਲੱਗ ਰਿਹਾ ਸੀ। ਲੱਗਦਾ ਸੀ, ਜੇ ਇਸ ਨਾਜ਼ੁਕ ਸਮੇਂ ਸਹੀ ਫੈਸਲਾ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਮੇਰਾ ਕੁਝ ਨਹੀਂ ਬਣੇਗਾ। ਪਤਾ ਨਹੀਂ ਲੱਗਦਾ ਕਿ ਅੱਗੇ ਕੀ ਕਰਨਾ ਹੈ। ਫਿਰ ਕੋਰੋਨਾ ਵਾਇਰਸ ਆ ਗਿਆ ਤੇ ਇਸ ਨੇ ਹਾਲਾਤ ਹੋਰ ਮੁਸ਼ਕਲ ਕਰ ਦਿੱਤੇ। ਦੂਸਰੇ ਪਾਸੇ ਮਾਂ ਦੀ ਸਿਹਤ ਇੰਨੀ ਢਿੱਲੀ ਹੋ ਗਈ ਕਿ ਕੁਝ ਵੀ ਕਰਨ ਨੂੰ ਦਿਲ ਨਹੀਂ ਸੀ ਕਰਦਾ। ਸਾਰਾ ਦਿਨ ਉਨ੍ਹਾਂ ਦੇ ਅੱਗੇ-ਪਿੱਛੇ ਘੁੰਮਦਿਆਂ ਉਨ੍ਹਾਂ ਨੂੰ ਸੰਭਾਲਣ ਵਿੱਚ ਲੰਘ ਜਾਂਦਾ। ਤਣਾਅ ਦਿਨੋ ਦਿਨ ਵਧੀ ਜਾਂਦਾ। ਮਾਂ ਦੀ ਢਿੱਲੀ ਸਿਹਤ ਦਾ ਕਾਰਨ ਕੋਈ ਖਾਸ ਨਹੀਂ ਸੀ, ਪਰ ਹਾਂ, ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਹੋਣ ਕਰ ਕੇ ਉਨ੍ਹਾਂ ਨੂੰ ਇੰਝ ਲੱਗਣਾ ਸ਼ੁਰੂ ਹੋ ਗਿਆ ਸੀ ਕਿ ਉਹ ਸ਼ਾਇਦ ਦੁਨੀਆ ਉੱਤੇ ਨਹੀਂ ਰਹੇਗੀ। ਇਸ ਹਾਲਾਤ ਨਾਲ ਨਜਿੱਠਣਾ ਬੜਾ ਔਖਾ ਹੋ ਰਿਹਾ ਸੀ। ਕਾਫੀ ਥਾਵਾਂ ਤੋਂ ਇਲਾਜ ਕਰਵਾਇਆ, ਪਰ ਉਨ੍ਹਾਂ ਦੀ ਸਿਹਤ ਉੱਤੇ ਕੋਈ ਅਸਰ ਨਜ਼ਰ ਨਾ ਆਇਆ। ਕਾਫੀ ਮਹੀਨਿਆਂ ਤੱਕ ਮਾਂ ਇਸ ਬਿਮਾਰੀ ਨਾਲ ਲੜਦੀ ਰਹੀ।

ਸਿਆਣੇ ਕਹਿੰਦੇ ਨੇ, ‘‘ਮਾੜਾ ਵਕਤ ਬਹੁਤ ਕੁਝ ਚੰਗਾ ਸਿਖਾ ਜਾਂਦਾ ਹੈ।’’ ਐਨ ਇਹੀ ਉਹ ਜਿਹੜਾ ਵਕਤ ਸੀ, ਜਦੋਂ ਬਹੁਤ ਕੁਝ ਸਿੱਖਣ ਨੂੰ ਮਿ-ਲਿਆ। ਇੱਕ ਇੱਕ ਦਿਨ ਕਰ ਕੇ ਹੌਲੀ ਹੌਲੀ ਕਾਫੀ ਮਹੀਨੇ ਬੀਤ ਗਏ, ਅਜੇ ਵੀ ਸਮਝ ਨਹੀਂ ਸੀ ਆ ਰਿਹਾ ਕਿ ਅੱਗੇ ਕੀ ਕਰਾਂ? ਮਨ ਅੰਦਰ ਬਹੁਤ ਸਾਰੇ ਅਜੀਬ ਖਿਆਲ ਆਉਂਦੇ ਤੇ ਸਤਾਉਂਦੇ ਕਿ ਜੇ ਮਾਂ ਨਾ ਰਹੀ ਤਾਂ ਅਸੀਂ ਕੀ ਕਰਾਂਗੇ? ਕਦੀ ਕਦੀ ਮਾਂ ਦੀ ਸਿਹਤ ਵਿੱਚ ਫਰਕ ਵੀ ਨਜ਼ਰ ਆਉਣਾ, ਫਿਰ ਕੁਝ ਸਮੇਂ ਬਾਅਦ ਮਾਂ ਦਾ ਉਹੀ ਹਾਲ ਹੋ ਜਾਣਾ। ਅਸੀਂ ਬਹੁਤ ਦੁਖੀ ਹੁੰਦੇ। ਘਰ ਵਿੱਚ ਹਰ ਸਮੇਂ ਖਾਮੋਸ਼ੀ ਵਾਲਾ ਮਾਹੌਲ ਬਣਿਆ ਰਹਿੰਦਾ ਅਤੇ ਹਰ ਸਮੇਂ ਚਿੰਤਾ ਲੱਗੀ ਰਹਿੰਦੀ। ਰੋਜ਼ ਅਰਦਾਸ ਕਰਨੀ ਕਿ ਮਾਂ ਜਲਦੀ ਠੀਕ ਹੋ ਜਾਵੇ। ਮਾਂ ਨੂੰ ਹਰ ਦਿਨ ਹੌਸਲਾ ਦੇਣਾ, ‘‘ਮਾਂ ਕੁਝ ਨਹੀਂ ਹੁੰਦਾ ਤੁਹਾਨੂੰ। ਅਜੇ ਬਹੁਤ ਕੁਝ ਕਰਨਾ ਹੈ ਤੇਰੇ ਲਈ।’’ ਇਹ ਸੁਣਦਿਆਂ ਮਾਂ ਦੇ ਮੁਰਝਾਏ ਹੋਏ ਚਿਹਰੇ ਉੱਤੇ ਹਲਕੀ ਜਿਹੀ ਮੁਸਕਰਾਹਟ ਆ ਜਾਂਦੀ।ਦਿਮਾਗ ਵਿੱਚ ਇਹ ਖਿਆਲ ਘੁੰਮਦਾ ਰਹਿੰਦਾ ਕਿ ਮਾਂ ਛੇਤੀ ਠੀਕ ਹੋ ਜਾਵੇ। ਨਾਲ ਪੜ੍ਹਾਈ ਦੀ ਚਿੰਤਾ ਆ ਜੁੜਦੀ। ਬੜੇ ਤਣਾਅ ਵਾਲੇ ਦਿਨ ਸਨ, ਲੱਗ ਰਿਹਾ ਸੀ, ਮੇਰਾ ਕੀਮਤੀ ਸਮਾਂ ਖਰਾਬ ਹੋ ਰਿਹਾ ਹੈ। ਇੱਕ ਵਾਰ ਪੜ੍ਹਾਈ ਵਿੱਚ ਵਕਫਾ ਪੈ ਜਾਵੇ ਤਾਂ ਉਂਝ ਹੀ ਬਹੁਤ ਮੁਸ਼ਕਲ ਹੋ ਜਾਂਦਾ ਹੈ। ਪਹਿਲਾਂ-ਪਹਿਲ ਸੋਚਿਆ ਸੀ ਕਿ ਖੇਡ ਸੰਬੰਧੀ ਕੋਈ ਕੋਰਸ ਜਾਂ ਡਿਗਰੀ ਕਰਾਂਗੀ, ਜਦ ਸਕੂਲ ਵਿੱਚ ਸੀ ਤਾਂ ਖੇਡਾਂ ਵਿੱਚ ਬਹੁਤ ਰੁਚੀ ਲੈਂਦੀ ਸੀ। ਜਦ ਵੀ ਸਕੂਲ ਦੀਆਂ ਖੇਡਾਂ ਹੋਣੀਆਂ, ਇਨਾਮ ਹਾਸਲ ਕਰਨਾ। ਸਕੂਲ ਦੇ ਡੀ ਪੀ ਸਰ ਨੇ ਵੀ ਹਮੇਸ਼ਾ ਕਹਿਣਾ, ‘‘ਤੂੰ ਕਿਸੇ ਖੇਡ ਦੇ ਕੋਰਸ ਵਿੱਚ ਕਿਤੇ ਦਾਖਲਾ ਲੈ ਲਾ’’, ਪਰ ਖੇਡ ਸੰਬੰਧੀ ਕੋਈ ਕੋਰਸ ਮੇਰੇ ਆਲੇ ਦੁਆਲੇ ਵਾਲੇ ਇਲਾਕੇ ਵਿੱਚ ਕਿਤੇ ਨਹੀਂ ਸੀ। ਇੱਕ ਵਾਰ ਆਪਣੇ ਨਾਨਕੇ (ਖੰਨਾ) ਵੱਲ ਜਾਣ ਬਾਰੇ ਸੋਚਿਆ। ਕੋਰਸ ਬਾਰੇ ਮਾਮਾ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਕੋਰਸ ਲਈ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਬੀ ਜੇ ਐੱਮ ਸੀ (ਪੱਤਰਕਾਰੀ) ਦਾ ਕੋਰਸ ਕਰ ਲਵਾਂ।

ਪ੍ਰੇਸ਼ਾਨ ਸਾਂ ਕਿ ਮੈਨੂੰ ਆਪਣਾ ਪਸੰਦੀਦਾ ਕੋਰਸ ਕਿਉਂ ਨਹੀਂ ਕਰਨ ਦੇ ਰਹੇ। ਕੋਈ ਗੱਲ ਕਿਸੇ ਪਾਸੇ ਨਾ ਤੁਰੀ। ਆਖਰ ਉਸ ਪੜ੍ਹਈ ਬਾਰੇ ਨਿੱਠ ਕੇ ਸੋਚਿਆ ਅਤੇ ਸਮਝਿਆ, ਜਿਹੜੀ ਮਾਮਾ ਜੀ ਨੇ ਦੱਸੀ ਸੀ। ਮਹੀਨੇ ਬਾਅਦ ਫੈਸਲਾ ਹੋ ਗਿਆ ਕਿ ਇਹੀ ਕੋਰਸ ਕਰਾਂਗੀ। ਘਰੇ ਬੈਠਣ ਨਾਲੋਂ ਚੰਗਾ ਹੀ ਹੈ ਕਿ ਕਿਸੇ ਕਾਲਜ ਵਿੱਚ ਦਾਖਲਾ ਲੈ ਲਵਾਂ ਅਤੇ ਪੜ੍ਹਾਈ ਜਾਰੀ ਰੱਖਾਂ। ਆਪਣੇ ਮਨ ਦੀ ਤਸੱਲੀ ਲਈ ਇਹ ਖਿਆਲ ਵੀ ਮਨ ਅੰਦਰ ਉਠ ਰਹੇ ਸਨ ਕਿ ਵੱਡਿਆਂ ਦੀ ਗੱਲ ਮੰਨੀਦੀ ਹੈ। ਉਂਝ ਵੀ ਇੱਕ ਇੱਕ ਦਿਨ ਕਰ ਕੇ ਡੇਢ ਸਾਲ ਲੰਘ ਗਿਆ ਸੀ। ਖੈਰ! ਪਿਛਲੇ ਸਾਲ ਅਗਸਤ ਮਹੀਨੇ ਸ੍ਰੀ ਫਤਿਹਗੜ੍ਹ ਸਾਹਿਬ ਵਿੱਚ ਇਸ ਕੋਰਸ ਵਿੱਚ ਦਾਖਲਾ ਲੈ ਲਿਆ ਤੇ ਗੱਡੀ ਰੁੜ੍ਹ ਪਈ।

ਜੋ ਗੱਲਾਂ ਉਸ ਡੇਢ ਸਾਲ ਦੌਰਾਨ ਸਿੱਖੀਆਂ ਤੇ ਸਮਝੀਆਂ, ਉਹੀ ਅੱਜ ਮੈਨੂੰ ਮੰਜ਼ਿਲ ਵੱਲ ਲਿਜਾ ਰਹੀਆਂ ਹਨ। ਮਾਂ ਪਿਓ ਫਖਰ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਧੀ ਆਪਣੀ ਜ਼ਿੰਦਗੀ ਦਾ ਵਰਕਾ ਖੁਦ ਲਿਖ ਰਹੀ ਹੈ, ਤੇ ਮੇਰੇ ਕੋਲ ਮਾਮਾ ਜੀ ਲਈ ਧੰਨਵਾਦ ਦੇ ਸ਼ਬਦ ਹੀ ਨਹੀਂ ਜਿਨ੍ਹਾਂ ਦੀ ਬਦੌਲਤ ਮੈਂ ਇਸ ਰਾਹ ਪਈ ਸਾਂ।

# ਅਮੀਰਾਂ ਦੀ ਹੋਲੀ ਤੇ ਗ਼ਰੀਬਾਂ ਦੀ ਹੋਲੀ



ਇੱਕ ਵਾਰ ਦੀ ਗੱਲ ਹੈ। ਇੱਕ ਪਿੰਡ ਵਿੱਚ ਕੁਝ ਗ਼ਰੀਬ ਲੋਕਾਂ ਦੇ ਘਰ ਸਨ ਅਤੇ ਕੁਝ ਅਮੀਰ ਲੋਕਾਂ ਦੇ ਘਰ ਸਨ। ਉਸੇ ਪਿੰਡ ਵਿੱਚ ਇੱਕ ਹਰਦੀਪ ਨਾਂ ਦਾ ਮੁੰਡਾ ਰਹਿੰਦਾ ਸੀ। ਉਹ ਇੱਕ ਅਮੀਰ ਸੇਠ ਦਾ ਲੜਕਾ ਸੀ।ਇੱਕ ਵਾਰ ਹੋਲੀ ਦਾ ਦਿਨ ਸੀ। ਉਸ ਹੋਲੀ ਵਿੱਚ ਅਮੀਰ ਲੋਕ ਮਹਿੰਗੇ - ਮਹਿੰਗੇ ਰੰਗਾਂ , ਚਾਈਨਾ ਰੰਗਾਂ ਅਤੇ ਵਧੀਆ ਰੰਗ - ਬਿਰੰਗੀਆਂ ਪਿਚਕਾਰੀਆਂ ਲੈ ਕੇ ਹੋਲੀ ਖੇਡਣ ਲੱਗੇ। ਹਰਦੀਪ ਵੀ ਆਪਣੇ ਪਰਿਵਾਰ ਨਾਲ਼ ਹੋਲੀ ਖੇਡਣ ਲੱਗਾ। ਉਸ ਪਿੰਡ ਦੇ ਗ਼ਰੀਬ ਬੱਚਿਆਂ ਨੇ ਆਪਣੀਆਂ ਮਾਤਾਵਾਂ ਕੋ਼ਲ ਬੇਨਤੀ ਕੀਤੀ ਕਿ ਅਸੀਂ ਵੀ ਹੋਲੀ ਖੇਡਣੀ ਹੈ। ਪਰ ਸਮੱਸਿਆ ਇਹ ਸੀ ਕਿ ਉਨ੍ਹਾਂ ਕੋਲ ਅਮੀਰ ਲੋਕਾਂ ਵਾਂਗੂ ਵਧੀਆ ਰੰਗ ਤੇ ਵਧੀਆ ਪਿਚਕਾਰੀਆਂ ਨਹੀਂ ਸਨ। ਗ਼ਰੀਬ ਲੋਕਾਂ ਨੇ ਬਾਂਸ ਦੇ ਦਰੱਖਤ ਤੋਂ ਪਿਚਕਾਰੀਆਂ ਬਣਾ ਲਈਆਂ ਅਤੇ ਫੁੱਲਾਂ , ਹਲਦੀ , ਲੱਕੜ ਦੇ ਬੂਰੇ ਤੋਂ ਰੰਗ ਆਦਿ ਬਣਾ ਲਏ ਅਤੇ ਉਨ੍ਹਾਂ ਨੇ ਵੀ ਖ਼ੁਸ਼ੀ - ਖ਼ੁਸ਼ੀ ਹੋਲੀ ਦਾ ਤਿਉਹਾਰ ਮਨਾਇਆ। ਹਰਦੀਪ ਦੇ ਪਿਤਾ ਜੀ ਨੂੰ ਹੋਲੀ ਖੇਡਦੇ ਸਮੇਂ ਯਾਦ ਆਇਆ ਕਿ ਅੱਜ ਉਨ੍ਹਾਂ ਨੇ ਆਪਣੀ ਕੰਪਨੀ ਦੇ ਲਈ ਦੱਸ ਲੱਖ ਰੁਪਏ ਦਾ ਕੰਟਰੈਕਟ ਲੈਣ ਜਾਣਾ ਸੀ । ਪਰ ਹਰਦੀਪ ਦੇ ਪਿਤਾ ਜੀ ਕੋਲ ਉਸ ਮੀਟਿੰਗ ਵਿੱਚ ਜਾਣ ਲਈ ਹੋਰ ਸਾਫ਼ ਕੱਪੜੇ ਨਹੀਂ ਸਨ ; ਕਿਉਂਕਿ ਉਸ ਦੇ ਕੱਪੜੇ ਰੰਗਾਂ ਨਾਲ ਰੰਗ ਗਏ ਹੋਏ ਸਨ। ਇਹ ਦੇਖ - ਸਮਝ ਕੇ ਬੱਚਿਆਂ ਨੇ ਹਰਦੀਪ ਦੇ ਪਿਤਾ ਦੇ ਕੱਪੜਿਆਂ ਨੂੰ ਜਲਦੀ ਹੀ ਪਾਣੀ ਨਾਲ ਧੋ ਦਿੱਤਾ। ਹਰਦੀਪ ਦੇ ਪਿਤਾ ਦੇ ਕੱਪੜਿਆਂ ਵਿੱਚੋਂ ਰੰਗ ਨਿਕਲ ਗਿਆ। ਪਰ ਹਰਦੀਪ ਦੇ ਪਿਤਾ ਜੀ ਹੈਰਾਨ ਹੋਏ ਕਿ ਉਹਨਾਂ ਨੇ ਤਾਂ ਹੋਲੀ ਖੇਡਣ ਸਮੇਂ ਮਹਿੰਗੇ ਰੰਗਾਂ ਦੀ ਵਰਤੋਂ ਕੀਤੀ ਸੀ। ਜੋ ਕਿ ਕਈ ਦਿਨ ਤੱਕ ਨਹੀਂ ਸਨ ਉਤਰਦੇ। ਤਦ ਸਾਰੇ ਬੱਚਿਆਂ ਨੇ ਇਕੱਠੇ ਹੋ ਗਏ ਹਰਦੀਪ ਦੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਜੋ ਫੁੱਲਾਂ , ਲੱਕੜ ਦੇ ਬੁਰਾਦੇ ਅਤੇ ਹੋਰ ਘਰੇਲੂ ਵਸਤਾਂ ਨਾਲ਼ ਰੰਗ ਬਣਾਏ ਸਨ , ਤੁਹਾਨੂੰ ਵੀ ਬਿਨਾਂ ਦੱਸੇ ਉਹੀ ਰੰਗ ਹੋਲੀ ਖੇਡਣ ਲਈ ਦੇ ਦਿੱਤੇ ਸਨ। ਜੋ ਕਿ ਕੱਪੜੇ ਧੋਣ ਨਾਲ਼ ਤੁਰੰਤ ਹੀ ਨਿਕਲ ਗਏ ਅਤੇ ਤੁਹਾਡੇ ਕੱਪੜੇ ਜਲਦੀ ਸਾਫ਼ ਹੋ ਗਏ। ਹਰਦੀਪ ਦੇ ਪਿਤਾ ਜੀ ਖੁਸ਼ ਸਨ। ਉਹ ਜਲਦੀ - ਜਲਦੀ ਕੰਪਨੀ ਲਈ ਦੱਸ ਲੱਖ ਰੁਪਏ ਕੰਟਰੈਕਟ ਲੈਣ ਲਈ ਚਲੇ ਗਏ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਦੱਸ ਲੱਖ ਦਾ ਕੰਟਰੈਕਟ ਮਿਲ ਗਿਆ। ਹਰਦੀਪ ਦੇ ਪਿਤਾ ਜੀ ਬਹੁਤ ਖੁਸ਼ ਸਨ। ਉਨ੍ਹਾਂ ਨੇ ਖ਼ੁਸ਼ ਹੋ ਕੇ ਗ਼ਰੀਬ ਲੋਕਾਂ ਦੇ ਨਵੇਂ ਮਕਾਨ ਬਣਾ ਦਿੱਤੇ ਤੇ ਉਨ੍ਹਾਂ ਲਈ ਪੈਸਿਆਂ ਦਾ ਵੀ ਪ੍ਰਬੰਧ ਕੀਤਾ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹੋਲੀ ਦਾ ਤਿਉਹਾਰ ਘਰ ਬਣਾਏ ਹੋਏ ਰੰਗਾਂ , ਫੁੱਲਾਂ ਆਦਿ ਨਾਲ਼ ਖੇਡ ਕੇ ਮਨਾਉਣਾ ਚਾਹੀਦਾ ਹੈ। ਸਾਨੂੰ ਗ਼ਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।

*-ਅਦਿੱਤਿਆਪ੍ਰੀਤ ਸਿੰਘ*
*ਜਮਾਤ - ਚੌਥੀ।*
*ਗਾਈਡ ਅਧਿਆਪਕ:*
*ਮਾਸਟਰ ਸੰਜੀਵ ਧਰਮਾਣੀ।*

# ਸੁਖਦੇਵ ਮਾਦਪੁਰੀ ਨੂੰ ਯਾਦ ਕਰਦਿਆਂ

12 ਜੂਨ 1935 ਨੂੰ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਦਿਆ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਸੁਖਦੇਵ ਮਾਦਪੁਰੀ ਦਾ ਜਨਮ ਹੋਇਆ। ਆਪਣੇ ਪਿੰਡ ਤੋਂ ਪ੍ਰਾਇਮਰੀ ਦੀ ਪੜ੍ਹਾਈ ਕੀਤੀ,ਮੈਟ੍ਰਿਕ ਜਸਪਾਲੋਂ ਤੋਂ ਅਤੇ ਜੇ.ਬੀ.ਟੀ ਕੁਰਾਲੀ ਤੋਂ ਕਰਕੇ ਮਾਦਪੁਰੀ ਪਿੰਡ ਢਿੱਲਵਾਂ, ਜ਼ਿਲ੍ਹਾ ਲੁਧਿਆਣਾ 'ਚ ਪ੍ਰਾਇਮਰੀ ਸਕੂਲ ‘ਚ 19 ਮਈ 1954 ਨੂੰ ਅਧਿਆਪਕ ਵੱਜੋਂ ਲੱਗ ਗਏ ਤੇ 1978 ਤੱਕ ਆਪਣੀ ਡਿਊਟੀ ਨਿਭਾਉਂਦੇ ਰਹੇ। ਇਸ ਸਮੇਂ ਦੌਰਾਨ ਹੀ ਉਨ੍ਹਾਂ ਦਾ ਸਾਹਿਤਕ ਸਫ਼ਰ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਸ ਦੌਰਾਨ ਨਾਲ਼ ਨਾਲ਼ ਹੀ ਉਹਨਾਂ ਨੇ ਪ੍ਰਾਈਵੇਟ ਤੌਰ ਤੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਪੰਜਾਬੀ ਦੀ ਐੱਮ.ਏ. ਕਰ ਲਈ।

1978 ਤੋਂ 80 ਤਕ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਬਤੌਰ ਵਿਸ਼ਾ ਮਾਹਿਰ ਸੇਵਾ ਨਿਭਾਈ। 1980 ਤੋਂ 1993 ਤਕ ਸਿੱਖਿਆ ਬੋਰਡ ਦੇ ਬੱਚਿਆਂ ਲਈ ਨਿਕਲਦੇ ਪਰਚਿਆਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦਾ ਸੰਪਾਦਨ ਕੀਤਾ। 'ਪੰਜਾਬ ਸਕੂਲ ਸਿੱਖਿਆ ਬੋਰਡ' ਮੋਹਾਲੀ ਤੋਂ ਹੀ ਉਹ ਬਤੌਰ ਸਹਾਇਕ ਡਾਇਰੈਕਟਰ ਸੇਵਾ ਨਿਵਰਿਤ ਹੋਇਆ ਅਤੇ 1993 ਤੋਂ 1996 ਤਕ 'ਪੰਜਾਬੀ ਬਾਲ ਸਾਹਿਤ ਪ੍ਰਾਜੈਕਟ' ਦੇ ਸੰਚਾਲਕ ਵਜੋਂ ਕਾਰਜ ਕੀਤਾ। ਉਹ ਬਹੁਪੱਖੀ ਸਾਹਿਤਕਾਰ ਸਨ, ਕਵੀ ਸਨ, ਕਹਾਣੀਕਾਰ ਸਨ, ਵਾਰਤਕਕਾਰ ਸਨ, ਸੰਪਾਦਕ ਸਨ, ਅਨੁਵਾਦਕ ਸਨ, ਖੋਜਾਰਥੀ ਸਨ। ਇਹ ਕਲਮ ਦੀ ਮਿਹਰਬਾਨੀ ਸਦਕਾ ਉਹ ਸੁਭਾਅ ਪੱਖੋਂ ਨੇਕ, ਨਿੱਘੇ ਤੇ ਮਿਲਾਪੜੇ ਵੀ ਸਨ।

ਉਹਨਾਂ ਨੇ ਆਪਣੇ ਮੁੱਢਲੇ ਸ਼ੌਂਕ, ਲੋਕ ਸੱਭਿਆਚਾਰ ਦੀ ਸਾਂਭ ਸੰਭਾਲ ਨੂੰ ਲੈਕੇ ਆਪਣੀ ਜ਼ਿੰਦਗੀ ਵਿੱਚ ਲੋਕ ਖੇਡਾਂ, ਲੋਕ ਗੀਤ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਪੰਜਾਬੀ ਸਭਿਆਚਾਰ, ਬਾਲ ਸਾਹਿਤ ਬਾਰੇ ਤੀਹ ਦੇ ਕਰੀਬ ਕਿਤਾਬਾਂ ਲਿਖੀਆਂ।

ਮਾਦਪੁਰੀ ਖੁਦ ਦੱਸਦੇ ਹਨ ਕਿ ਲੋਕ ਗੀਤਾਂ ਨੂੰ ਇਕੱਠੇ ਕਰਨ ਦਾ ਫੁਰਨਾ ਉਹਨਾਂ ਦੇ ਮਨ 1954 'ਚ ਅਚਾਨਕ ਹੀ ਆਇਆ ਸੀ। ਸੋਚਿਆ 'ਮਨਾਂ ਬਾਪੂ, ਬੇਬੇ ਤੇ ਤਾਈ ਨੇ ਆਖ਼ਰ ਮਰ ਜਾਣੈ ਨਾਲ ਹੀ ਇਹ ਗੀਤ ਵੀ ਮੁੱਕ ਜਾਣਗੇ। ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ ਤੇ ਲਿਖ ਲਵਾਂ।' ਉਸ ਵੇਲੇ ਦੀ ਮਨ ਦੀ ਆਵਾਜ਼ ਨੇ ਕਾਪੀ ਤੇ ਕਲਮ ਨਾਲ਼ ਸਾਂਝ ਬਣਾ ਦਿੱਤੀ।

ਮਾਦਪੁਰੀ ਨੇ ਇੱਕ ਸਾਲ ਵਿਚ ਵੱਡੇ ਅਕਾਰ ਦੀ ਕਾਪੀ ਉੱਤੇ 1231 ਲੋਕ-ਗੀਤ ਉਤਾਰ ਲਏ। ਸਫ਼ਰ ਫਿਰ ਵੀ ਜਾਰੀ, ਅਗਲੀ ਕਾਪੀ ਸ਼ੁਰੂ ਹੋਈ, ਭਰ ਗਈ, ਸਫ਼ਰ ਫਿਰ ਵੀ ਜਾਰੀ।

ਉਹ ਕਹਿੰਦੇ ਇਹ ਗੌਣ ਸਦੀਆਂ ਪੁਰਾਣੇ ਪੰਜਾਬ ਦੇ ਸਮਾਜਿਕ ਇਤਿਹਾਸ ਦੀਆਂ ਬਾਤਾਂ ਪਾਉਂਦੇ ਨੇ। ਜਿਹੜੀ ਦੁੱਖਾਂ ਭਰੀ ਤੇ ਔੜਾਂ ਮਾਰੀ ਜ਼ਿੰਦਗੀ ਪੰਜਾਬ ਦੀ ਔਰਤ ਨੇ ਭੋਗੀ ਹੈ, ਇਹ ਉਸ ਦਾ ਇਤਿਹਾਸਕ ਦਸਤਾਵੇਜ਼ ਹਨ। ਆਪਣੀ ਵੇਦਨਾ ਨੂੰ ਬਿਆਨ ਕਰਦੇ ਇਨ੍ਹਾਂ ਗੀਤਾਂ ਨੂੰ ਔਰਤ ਨੇ ਖ਼ੁਦ ਸਿਰਜਿਆ ਹੈ। ਜਦੋਂ ਉਹ ਇਨ੍ਹਾਂ ਨੂੰ ਸੁਰ ਵਿਚ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਉਕੇ ਸੁਣਾਈ ਦਿੰਦੇ ਹਨ।

ਮਾਦਪੁਰੀ ਦਾ ਪਹਿਲਾ ਲੇਖ ਨਵੰਬਰ-ਦਸੰਬਰ 1954 ਦੇ 'ਪੰਜਾਬੀ ਦੁਨੀਆਂ' ਵਿਚ ਛਪਿਆ। ਪਿਆਰਾ ਸਿੰਘ ਪਦਮ ਦਾ ਪਹਿਲਾਂ ਥਾਪੜਾ ਕੰਧੇ 'ਤੇ ਆਣ ਟਿਕਿਆ। ਉਦੋਂ ਇਸ ਸਿਰੜੀ ਦੀ ਉਮਰ ਮਸਾਂ 20 ਸਾਲ ਦੀ ਸੀ। ਫਿਰ ਇਕ ਗੀਤ ਬਾਰੇ ਤਬਸਰਾ 'ਜਾਗ੍ਰਿਤੀ' ਵਿਚ ਛਪਿਆ। ਦੂਜਾ ਥਾਪੜਾ ਕੁਲਵੰਤ ਸਿੰਘ ਵਿਰਕ ਨੇ ਜਨਵਰੀ 1955 ਵਿਚ ਦਿੱਤਾ। ਇਹੋ ਜਿਹੇ ਥਾਪੜਿਆਂ ਦੀ ਹੱਲਾਸ਼ੇਰੀ ਸਦਕਾ ਤਾਂ ਮਾਦਪੁਰੀ ਫਿਰ ਬਸ ਵਗਦੇ ਪਾਣੀ ਵਾਂਗ ਅੱਗੇ ਹੀ ਅੱਗੇ ਵਧਦਾ ਲੋਕ ਧਾਰਾ ਦਾ ਆਪ ਇੱਕ ਵੱਡਾ ਦਰਿਆ ਹੋ ਨਿੱਬੜਿਆ।

ਮਾਦਪੁਰੀ ਨੇ ਪੰਜਾਬ ਦੀਆਂ ਲੋਕ ਕਹਾਣੀਆਂ, ਲੋਕ ਬੁਝਾਰਤਾਂ, ਅਖੌਤਾਂ ਅਤੇ ਲੋਕ ਬੋਲੀਆਂ ਨੂੰ ਪਿੰਡ-ਪਿੰਡ ਜਾ ਕੇ ਇਕੱਤਰ ਕੀਤਾ। ਗਾਉਂਦਾ ਪੰਜਾਬ, ਫੁੱਲਾਂ ਭਰੀ ਚੰਗੇਰ,ਖੰਡ ਮਿਸ਼ਰੀ ਦੀਆਂ ਡਲੀਆਂ, ਲੋਕ ਗੀਤਾਂ ਦੀ ਸਮਾਜਿਕ ਵਿਆਖਿਆ, ਨੈਂਣੀ ਨੀਂਦ ਨਾ ਆਵੇ,ਕਿੱਕਲੀ ਕਲੀਰ ਦੀ, ਸ਼ਾਵਾ ਨੀ ਬੰਬੀਹਾ ਬੋਲੇ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਬੁਝਾਰਤਾਂ,ਜ਼ਰੀ ਦਾ ਟੋਟਾ,ਪਰਾਇਆ ਧਨ (ਨਾਟਕ),ਗਾਉਂਦਾ ਪੰਜਾਬ (ਮਾਲਵੇ ਦੇ ਲੋਕ-ਗੀਤ),ਪੰਜਾਬ ਦੀਆਂ ਵਿਰਾਸਤੀ ਖੇਡਾਂ,ਕਿੱਕਲੀ ਕਲੀਰ ਦੀ,ਫੁੱਲਾਂ ਭਰੀ ਚੰਗੇਰ,ਪੰਜਾਬ ਦੇ ਲੋਕ ਨਾਇਕ,ਪੰਜਾਬ ਦੀਆਂ ਲੋਕ ਖੇਡਾਂ,ਬਾਤਾਂ ਦੇਸ ਪੰਜਾਬ ਦੀਆਂ,ਨੈਣਾ ਦੇ ਵਣਜਾਰੇ,ਮਹਿਕ ਪੰਜਾਬ ਦੀ: ਪੰਜਾਬ ਦੇ ਜੱਟਾਂ ਦੀ ਲੋਕਧਾਰਾ,ਖੰਡ ਮਿਸ਼ਰੀ ਦੀਆਂ ਡਲੀਆਂ,,ਲੋਕਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕ ਦੋਹੇ ਤੇ ਮਾਹੀਆ, ਪੰਜਾਬੀ ਸਭਿਆਚਾਰ ਦੀ ਆਰਸੀ: ਸੋਮੇ ਤੇ ਪਰੰਪਰਾ ਆਦਿ ਢੇਰ ਸਾਰੀਆਂ ਕਿਤਾਬਾਂ ਪੰਜਾਬੀ ਸਾਹਿਤ ਤੇ ਲੋਕਧਾਰਾ ਦੀ ਝੋਲੀ ਪਾਈਆਂ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਤੇ ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵੱਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕ-ਾਰ 2015 ਦੇ ਕੇ ਮਾਣ ਦਿੱਤਾ।

26 ਅਪਰੈਲ 2020 ਦਾ ਦਿਨ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਸੁਖਦੇਵ ਮਾਦਪੁਰੀ ਦਾ ਸਰੀਰਕ ਤੌਰ ਤੇ ਆਖਰੀ ਦਿਨ ਸੀ। ਉਸ ਦੀ ਰੂਹ ਪਰਮਾਤਮਾ ਦੇ ਹੁਕਮ ਅਨੁਸਾਰ ਆਪਣੇ ਹਿੱਸੇ ਦੇ ਕਾਰਜ ਨਿਭਾ ਕੇ ਵਾਪਸ ਚਲੀ ਗਈ। ਸੁਖਦੇਵ ਮਾਦਪੁਰੀ ਦਾ ਨਾਂ ਲੋਕਧਾਰਾ ਦੀ ਇੱਕ ਸੰਸਥਾ ਵਜੋਂ ਪੰਜਾਬੀ ਸਾਹਿਤ ਵਿੱਚ ਹਮੇਸ਼ਾ ਜਿਉਂਦਾ ਰਹੇਗਾ।

*-ਸੁਖਚੈਨ ਸਿੰਘ ਕੁਰੜ*
*(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)*
*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲ਼ਾ (ਫਿਰੋਜ਼ਪੁਰ)।*



# ਲਾਰੈਂਸ ਬਿਸ਼ਨੋਈ ਦੇ ਨਾਂ ਉੱਤੇ ਮੰਗੀਆਂ ਜਾ ਰਹੀਆਂ ਫਿਰੌਤੀਆਂ ਕਾਰਨ ਮਾਨਸਾ ਦੇ ਲੋਕ ਸਹਿਮੇ



ਮਾਨਸਾ, 14 ਜੂਨ (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਇਸ ਸ਼ਹਿਰ ਦੇ ਡੇਢ ਦਰਜਨ ਤੋਂ ਵੱਧ ਵਪਾਰੀਆਂ ਤੋਂ ਲਾਰੈਂਸ ਬਿਸ਼ਨੋਈ ਗੈਂਗਸਟਰ ਦੇ ਨਾਂਅ ਉੱਤੇ ਫੋਨ ਰਾਹੀਂ ਫਿਰੌਤੀਆਂ ਮੰਗੇ ਜਾਣ ਕਾਰਨ ਮਾਨਸਾ ਇਲਾਕੇ ਦੇ ਲੋਕ ਸਹਿਮੇ ਹੋਏ ਹਨ। ਉਨ੍ਹਾਂ ਨੇ ਕੱਲ੍ਹ ਸ਼ਾਮ ਏਥੇ ਲਕਸ਼ਮੀ ਨਾਰਾਇਣ ਮੰਦਰ ਵਿੱਚ ਇਕੱਠ ਕਰ ਕੇ ਪੰਜਾਬ ਸਰਕਾਰ ਤੋਂ ਆਪਣੀ ਹਿਫਾਜ਼ਤ ਦੀ ਮੰਗ ਕੀਤੀ ਹੈ ਅਤੇ ਮਾਨਸਾ ਦੇ ਐਸ ਐਸ ਪੀ ਨੇ ਲੋਕਾਂ ਦੀ ਹਰ ਤਰ੍ਹਾਂ ਰਾਖੀ ਕਰਨ ਦਾ ਭਰੋਸਾ ਦੇਂਦਿਆਂ ਦਾਅਵਾ ਕੀਤਾ ਕਿ ਝਾਰਖੰਡ ਦੇ ਇੱਕ ਅਤੇ ਕਰਨਾਟਕ ਦੇ ਦੋ ਬੰਦਿਆਂ ਦੀ ਫਿਰੌਤੀਆਂ ਮੰਗਣ ਵਾਲੇ ਵਜੋਂ ਪਛਾਣ ਹੋਈ ਹੈ। ਉਨ੍ਹਾਂ ਨੇ ਲੋਕਾਂ ਨੂੰ ਇਸ ਵਿੱਚ ਪੁਲਸ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਜਦੋਂ ਵੀ ਕਿਸੇ ਨੂੰ ਅਜਿਹਾ ਮੈਸੇਜ ਫੋਨ ਜਾਂ ਈਮੇਲ ਜਾਂ ਚਿੱਠੀ ਰਾਹੀਂ ਮਿਲਦਾ ਹੈ, ਪੁਲਸ ਨੂੰ ਦੱਸ ਦੇਣ।

ਇਸ ਤੋਂ ਪਹਿਲਾਂ ਵਪਾਰ ਮੰਡਲ ਦੀ ਅਗਵਾਈ ਹੇਠ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜੀਵਨ ਮੀਰਪੁਰੀਆ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਸਹਿਮੇ ਹੋਏ ਲੋਕਾਂ ਦਾ ਲਾਹਾ ਲੈ ਕੇ ਕੁਝ ਬਦਮਾ਼ ਸੱਚੇ ਜਾਂ ਝੂਠੇ ਰੂਪ ਵਿੱਚ ਵਾਟਸਐਪ ਕਾਲ ਰਾਹੀਂਲੋਕਾਂ ਨੂੰ ਡਰਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਤਿੰਨ ਵਪਾਰੀਆਂ ਤੋਂ ਕ੍ਰਮਵਾਰ ਦੋ ਲੱਖ, ਪੰਜ ਲੱਖ ਅਤੇ ਸੱਤਰ ਹਜ਼ਾਰ ਰੁਪਏ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਜਾਨ-ਮਾਲ ਦਾ ਖਤਰਾ ਹੋਣ ਕਰ ਕੇ ਕੁਝ ਵਪਾਰੀ ਆਪਣਾ ਨਾਂਅ ਦੱਸਣ ਤੋਂ ਵੀ ਝਿਜਕਦੇ ਹਨ, ਪਰ ਅੱਜ ਤਕ ਰੈਡੀਮੇਡ ਕੱਪੜਿਆਂ ਦਾ ਵਪਾਰੀ ਅਤੇ ਇੱਕ ਜੁੱਤੀਆਂ ਦਾ ਕਾਰੋਬਾਰੀ ਆਪਣੇ ਨਾਲ ਬੀਤੀ ਸਾਰੀ ਘਟਨਾ ਦੱਸ ਚੁੱਕੇ ਹਨ।

# ਧਰਮਸੋਤ 14 ਦਿਨਾਂ ਲਈ ਜੇਲ੍ਹ ਭੇਜਿਆ ਗਿਆ



ਚੰਡੀਗੜ੍ਹ, 14 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਮੋਹਾਲੀ ਜ਼ਿਲੇ ਦੀ ਅਦਾਲਤ ਨੇ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਅਦਾਲਤ ਨੂੰ ਧਰਮਸੋਤ ਦਾ ਪੁਲਸ ਰਿਮਾਂਡ ਦੋ ਦਿਨ ਵਧਾਉਣਲਈ ਕਿਹਾ ਸੀ, ਪਰ ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਸਾਧੂ ਸਿੰਘ ਨੂੰ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ।ਸਰਕਾਰੀ ਪੱਖ ਨੇ ਕਿਹਾ ਕਿ ਸਾਧੂ ਸਿੰਘ ਧਰਮਸੋਤ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ। ਉਸ ਕੋਲੋਂ ਡੀ ਐਫ ਓਜ਼ (ਡਵੀਜ਼ਨਲ ਫਾਰੈਸਟ ਆਫੀਸਰਜ਼) ਦੇ ਸਾਹਮਣੇ ਬਿਠਾ ਕੇ ਪੁੱਛਗਿੱਛ ਕਰਨੀ ਹੈ। ਇਸ ਉੱਤੇ ਬਚਾਅ ਪੱਖ ਨੇ ਕਿਹਾ ਕਿ ਸਾਧੂ ਸਿੰਘ ਧਰਮਸੋਤ ਵਿਜੀਲੈਂਸ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ ਅਤੇ ਉਹ 6 ਦਿਨ ਤੋਂ ਵਿਜੀਲੈਂਸ ਕੋਲ ਹਿਰਾ-ਸਤ ਵਿੱਚ ਹੈ, ਪਰ ਅਧਿਕਾਰੀਆਂ ਕੋਲ ਕੁਝ ਵੀ ਠੋਸ ਨਹੀਂ, ਜਿਸ ਉੱਤੇ ਸਾਧੂ ਸਿੰਘ ਦਾ ਰਿਮਾਂਡ ਵਧਾਇਆ ਜਾਵੇ। ਸਰਕਾਰੀ ਪੱਖ ਠੇਕੇਦਾਰ ਦੀ ਉਹ ਡਾਇਰੀ ਵੀ ਕੋਰਟ ਵਿੱਚ ਨਹੀਂ ਵਿਖਾ ਸਕਿਆ, ਜਿਸ ਵਿੱਚ ਸਾਧੂ ਸਿੰਘ ਨੂੰ ਰਿਸ਼ਵਤ ਦੇ ਪੈਸਿਆਂ ਦੇ ਲੈਣ-ਦੇਣ ਦਾ ਬਿਓਰਾ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ 16 ਡੀ ਐੱਫ ਓਜ਼ ਦੀ ਪੋਸਟਿੰਗ ਵਾਸਤੇ ਰਿਸ਼ਵਤ ਲਈ ਗਈ ਸੀ ਅਤੇ ਵਿਜੀਲੈਂਸ ਨੇ ਸਾਰੇ ਡੀ ਐਫ ਓਜ਼ ਨੂੰ ਨੋਟਿਸ ਭੇਜ ਕੇ ਬੁਲਾਇਆ ਹੈ, ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ ਕਿ ਕਿੰਨੇ ਰੁਪਏ ਰਿਸ਼ਵਤ ਦਿੱਤੇ ਸਨ ਤੇ ਰਿਸ਼ਵਤ ਦਾ ਪੈਸਾ ਕਿਸ ਨੇ ਲਿਆ ਸੀ। ਸਾਧੂ ਸਿੰਘ ਧਰਮਸੋਤ ਨੂੰ ਬੀਤੇ ਦਿਨੀਂ ਉਨ੍ਹਾਂ ਦੇ ਘਰ ਅਮਲੋਹ ਤੋਂ ਵਿਜੀਲੈਂਸ ਵੱਲੋਂ ਸਵਾ ਕਰੋੜ ਰੁਪਏ ਤੋਂ ਵੱਧ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

# ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਬਲਵਿੰਦਰ ਦੀ ਰਿਹਾਈ ਦਾ ਰਸਤਾ ਸਾਫ

*** ਅਦਾਲਤ ਨੇ ਦੋ ਕਰੋੜ ਰੁਪਏ ਦੀ ਬਲੱਡ ਮਨੀ ਸਵੀਕਾਰ ਕੀਤੀ**



ਸ੍ਰੀ ਮੁਕਤਸਰ ਸਾਹਿਬ, 14 ਜੂਨ (ਪੋਸਟ ਬਿਊਰੋ)- ਸਾਊਦੀ ਅਰਬ ਦੀ ਰਿਆਦ ਜੇਲ੍ਹ ਵਿੱਚ ਬੰਦ ਮੁਕਤਸਰ ਜ਼ਿਲੇ ਦੇ ਪਿੰਡ ਮੱਲਣ ਦੇ ਬਲਵਿੰਦਰ ਸਿੰਘ ਦਾ ਬਚਾਅ ਹੋ ਗਿਆ ਹੈ। ਉਸ ਦਾ ਸਿਰ ਕਲਮ ਨਹੀਂ ਹੋਵੇਗਾ।

ਮਿਲੀ ਜਾਣਕਾਰੀ ਅਨੁਸਾਰ ਸਾਊਦੀ ਅਰਬ ਵਿੱਚ ਕੱਲ੍ਹ ਹੋਈ ਸੁਣਵਾਈ ਦੌਰਾਨ ਅਦਾਲਤ ਨੇ ਬਲਵਿੰਦਰ ਸਿੰਘ ਦੀ ਜਾਨ ਬਚਾਉਣ ਲਈ ਇਕੱਠੀ ਕੀਤੀ ਦੋ ਕਰੋੜ ਦੀ ਬਲੱਡ ਮਨੀ ਸਵੀਕਾਰ ਕਰ ਲਈ ਅਤੇ ਇੱਕ ਹਫਤੇ ਅੰਦਰ ਉਸ ਨੂੰ ਛੱਡਣ ਦਾ ਫੈਸਲਾ ਦਿੱਤਾ ਹੈ। ਬਲਵਿੰਦਰ ਸਿੰਘ ਦੇ ਚਚੇਰੇ ਭਰਾ ਹਰਦੀਪ ਸਿੰਘ ਦੀਪਾ ਨੇ ਦੱਸਿਆ ਕਿ ਸਾਊਦੀ ਅਰਬ ਵਿੱਚ ਬਲਵਿੰਦਰ ਸਿੰਘ ਦੇ ਵਕੀਲ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਹੈ ਕਿ ਅਦਾਲਤ ਨੇ ਬਲੱਡ ਮਨੀ ਸਵੀਕਾਰ ਕਰ ਲਈ ਅਤੇਮ੍ਰਿਤਕ ਨੌਜਵਾਨ ਦੇ ਪਰਵਾਰ ਨੇ ਵੀ ਰਾਜ਼ੀਨਾਮੇ ਦਾ ਐਫੀਡੇਵਿਟ ਦੇ ਦਿੱਤਾ ਹੈ। ਅਦਾਲਤ ਨੇ ਇੱਕ ਹਫਤੇ ਅੰਦਰ ਉਸ ਨੂੰ ਰਿਹਾਅ ਕਰ ਕੇ ਭਾਰਤ ਡਿਪੋਰਟ ਕਰਨ ਨੂੰ ਕਿਹਾ ਹੈ। ਕੁਝ ਦਿਨਾਂ ਬਾਅਦ ਉਹਆਪਣੇ ਪਿੰਡ ਆ ਜਾਵੇਗਾ।

ਵਰਨਣ ਯੋਗ ਹੈ ਕਿ ਬਲਵਿੰਦਰ ਕੰਮ ਦੀ ਭਾਲ ਵਿੱਚ 2008 ਵਿੱਚ ਸਾਊਦੀਅਰਬ ਗਿਆ ਸੀ। ਉਥੇ ਉਹ ਇੱਕ ਕੰਪਨੀ ਵਿੱਚ ਕੰਮ ਕਰਦਾ ਸੀ ਤਾਂਸਾਲ 2013 ਵਿੱਚ ਉਸ ਦੀ ਅਤੇ ਇੱਕ ਹੋਰ ਪੰਜਾਬੀ ਨੌਜਵਾਨ ਦੀ ਸਾਊਦੀ ਅਰਬ ਦੇ ਨੌਜਵਾਨ ਨਾਲ ਲੜਾਈ ਹੋ ਗਈ, ਜਿਸ ਵਿੱਚ ਉਸ ਨੇ ਸਾਊਦੀ ਅਰਬ ਦੇ ਨੌਜਵਾਨ ਉੱਤੇ ਡੰਡੇ ਨਾਲ ਵਾਰ ਕੀਤਾ, ਜਿਸ ਵਿੱਚ ਸਾਊਦੀ ਅਰਬ ਦਾ ਨਾਗਰਿਕ ਜ਼ਖਮੀ ਹੋ ਗਿਆ, ਪਰ ਚਾਰ ਦਿਨਾਂ ਪਿੱਛੋਂ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਅਦਾਲਤ ਨੇ ਪਹਿਲਾਂ ਬਲਵਿੰਦਰ ਸਿੰਘ ਨੂੰ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਇਹ ਸਜ਼ਾ ਪੂਰੀ ਹੋਣ ਉੱਤੇ ਅਕਤੂਬਰ 2021 ਵਿੱਚ ਅਦਾਲਤ ਨੇ ਉਥੋਂ ਦੇ ਕਾਨੂੰਨ ਅਨੁਸਾਰ ਉਸ ਨੂੰ ਅੱਠ ਨਵੰਬਰ 2021 ਤਕ ਪੀੜਤ ਪਰਵਾਰ ਦੀ ਸਹਿਮਤੀ ਨਾਲ ਉਨ੍ਹਾਂ ਨੂੰ ਦੋ ਕਰੋੜ ਰੁਪਏ ਬਲੱਡ ਮਨੀ ਦੇਣ ਦਾ ਫੈਸਲਾ ਸੁਣਾਇਆ ਤੇ ਕਿਹਾ ਕਿ ਜੇ ਇਹ ਰਾਸ਼ੀ ਪੀੜਤ ਪਰਵਾਰ ਨੂੰ ਨਾ ਦਿੱਤੀ ਤਾਂ ਉਸ ਦਾ ਸਿਰ ਕਲਮ ਕਰ ਦਿੱਤਾ ਜਾਵੇਗਾ। ਇਸ ਉੱਤੇ ਬਲਵਿੰਦਰ ਸਿੰਘ ਨੇ ਅਪੀਲ ਦਾਇਰ ਕੀਤੀ ਸੀ ਕਿ ਇੰਨੀ ਰਾਸ਼ੀ ਉਸ ਕੋਲ ਨਹੀਂ, ਉਸ ਨੇ ਡੋਨੇਸ਼ਨ ਨਾਲ ਇਸ ਦਾ ਪ੍ਰਬੰਧ ਕਰਨਾ ਹੈ। ਇਸ ਲਈ ਉਸ ਨੂੰ ਹੋਰ ਸਮਾਂ ਦਿੱਤਾ ਜਾਵੇ, ਜਿਸ ਉੱਤੇ ਅਦਾਲਤ ਨੇ ਉਸ ਨੂੰ 15 ਮਈ 2022 ਤਕ ਦਾ ਸਮਾਂ ਦੇ ਦਿੱਤਾ ਸੀ।

# ਧੋਖਾਧੜੀ ਦੇ ਕੇਸ ਵਿੱਚ ਅਦਾਲਤ ਵੱਲੋਂ ਜੋੜੇ ਖਿਲਾਫ 25 ਲੱਖ ਰੁਪਏ ਦੀ ਡਿਕਰੀ

ਜਲੰਧਰ, 14 ਜੂਨ (ਪੋਸਟ ਬਿਊਰੋ)- ਐਡੀਸ਼ਨਲ ਸਿਵਲ ਜੱਜ ਮੁਨੀਸ਼ ਗਰਗ ਦੀ ਅਦਾਲਤ ਨੇ ਧੋਖਾਧੜੀ ਦੇ ਕੇਸ ਵਿੱਚ ਪਤੀ-ਪਤਨੀ ਨੂੰ 25 ਲੱਖ ਰੁਪਏ ਦੀ ਡਿਕਰੀ ਦਾ ਹੁਕਮ ਕੀਤਾ ਹੈ। ਉਕਤ ਪਤੀ-ਪਤਨੀ ਪਵਨ ਕੁਮਾਰ ਅਤੇ ਨਰੇਸ਼ ਕੁਮਾਰੀ ਵਾਸੀ ਉਪਕਾਰ ਨਗਰ, ਲੰਮਾ ਪਿੰਡ ਰੋਡ ਨੇ ਬੈਂਕ ਵਿੱਚ ਗਹਿਣੇ ਰੱਖੀ ਆਪਣੀ ਕੋਠੀ ਧੋਖੇ ਨਾਲ ਅੱਗੇ ਕਿਸੇ ਹੋਰ ਨੂੰ ਵੇਚ ਦਿੱਤੀ ਸੀ, ਜਿਸ ਦੀ ਸ਼ਿਕਾਇਤ ਉੱਤੇ ਕਾਰਵਾਈ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਸਰਬਜੀਤ ਪਤਨੀ ਆਤਮਾ ਰਾਮ ਅਤੇ ਆਤਮਾ ਰਾਮ ਪੁੱਤਰ ਉਜਾਗਰ ਵਾਸੀ ਚੱਕ ਹੁਸੈਨਾ ਲੰਮਾ ਪਿੰਡ ਨੇ ਅਦਾਲਤ ਵਿੱਚ ਪਵਨ ਕੁਮਾਰ ਅਤੇ ਨਰੇਸ਼ ਕੁਮਾਰੀ ਦੇ ਨਾਲ ਕਰਮਜੀਤ ਸਿੰਘ, ਅਮਰਜੀਤ ਸਿੰਘ ਵਾਸੀ ਖੁਰਦਪੁਰ ਤੇ ਯੂਨੀਅਨ ਬੈਂਕ ਆਫ ਇੰਡੀਆ ਦੇ ਖਿਲਾਫ ਧੋਖਾਧੜੀ ਦਾ ਕੇਸ ਕੀਤਾ ਸੀ। ਅਦਾਲਤ ਨੇ ਇਸ ਕੇਸ ਦੀ ਸੁਣਵਾਈ ਦੌਰਾਨ ਵਕੀਲਾਂ ਦੀਆਂ ਦਲੀਲਾਂ ਅਤੇ ਗਵਾਹਾਂ ਦੇ ਬਿਆਨਾਂ ਪਿੱਛੋਂ ਪਵਨ ਕੁਮਾਰ ਅਤੇ ਨਰੇਸ਼ ਕੁਮਾਰੀ ਨੂੰ ਧੋਖਾਧੜੀ ਦਾ ਜ਼ਿੰਮੇਵਾਰ ਮੰਨ ਕੇ ਬਾਕੀ ਸਾਰੀਆਂ ਧਿਰਾਂ ਨੂੰ ਨਿਰਦੋਸ਼ ਕਰਾਰ ਦਿੱਤਾ। ਅਦਾਲਤ ਨੇ ਪਵਨ ਕੁਮਾਰ ਤੇ ਨਰੇਸ਼ ਕੁਮਾਰੀ ਵਾਸੀ ਉਪਕਾਰ ਨਗਰ ਨੂੰ ਹੁਕਮ ਕੀਤਾ ਕਿ ਉਹ ਕੇਸ ਰਜਿਸਟਰਡ ਹੋਣ ਦੀ ਮਿਤੀ 19 ਮਾਰਚ 2013 ਤੋਂ ਲੈ ਕੇ ਨੌਂ ਫੀਸਦੀ ਸਾਲਾਨਾ ਵਿਆਜ ਅਤੇ ਖਰਚੇ ਸਮੇਤ ਪੂਰੀ ਰਕਮ ਆਤਮਾ ਰਾਮ ਨੂੰ ਦੇਣ, ਜੋ ਕਰੀਬ 25 ਲੱਖ ਰੁਪਏ ਬਣਦੀ ਹੈ।

# ਅਕਾਲੀ ਦਲ ਨਾਲ ਭਾਜਪਾ ਦਾ ਗੱਠਜੋੜ ਨਹੀਂ ਹੋਵੇਗਾ: ਜਾਖੜ



ਚੰਡੀਗੜ੍ਹ, 14 ਜੂਨ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਵਿੱਚ ਸ਼ਾਮਲ ਹੋ ਚੁੱਕੇਸੁਨੀਲ ਜਾਖੜ ਨੇ ਮੀਡੀਆ ਨਾਲ ਵਿਸ਼ੇਸ਼ ਮਿਲਣੀ ਦੌਰਾਨ ਪੰਜਾਬ ਸਰਕਾਰ ਦੀ ਅੱਜ ਤਕ ਦੀ ਕਾਰਗੁਜ਼ਾਰੀ, ਪੰਜਾਬ ਦੇ ਹਾਲਾਤ, ਮੌਜੂਦਾ ਸਿਆਸੀ ਹਾਲਾਤ ਸਮੇਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦਾ ਪੰਜਾਬ ਬਾਰੁ ਦ੍ਰਿਸ਼ਟੀਕੋਣ ਤੇ ਯੋਜਨਾ ਬਾਰੇ ਗੱਲਬਾਤ ਕੀਤੀ। ਉਨ੍ਹਾਂ ਇਸ ਮੌਕੇ ਅਕਾਲੀ ਦਲ ਨਾਲ ਕਿਸੇ ਵੀ ਸਮਝੌਤੇ ਨੂੰ ਰੱਦ ਕੀਤਾ।

ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੇਹੱਦ ਫ਼ਿਕਰਮੰਦ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਨੂੰ ਜੋ ਮਦਦ ਚਾਹੀਦੀ ਹੈ, ਲਵੇ, ਪਰ ਪੰਜਾਬ ਨੂੰ ਸੁਰੱਖਿਅਤ ਅਤੇ ਸੰਭਾਲ ਕੇ ਰੱਖਿਆ ਜਾਵੇ। ਪੰਜਾਬ ਬਾਰੇ ਚਿੰਤਾ ਜ਼ਾਹਰ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਤਿੰਨ ਕੇਂਦਰੀ ਮੰਤਰੀਆਂ ਦੀ ਡਿਊਟੀ ਲਾਈ ਹੈ ਕਿ ਉਹ ਪੰਜਾਬ ਦੇ ਸਿਲਸਿਲੇਵਾਰ ਦੌਰੇ ਕਰ ਕੇ ਲੋਕਾਂ ਨਾਲ ਸੰਪਰਕ ਕਰਨ। ਆਮ ਆਦਮੀ ਪਾਰਟੀ ਦੀ ਪੰਜਾਬ ਵਿਚਲੀ ਸਰਕਾਰ ਦੀ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀਬਾਰੇ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਹਾਲਤ ਵਿਗੜ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਗ੍ਰਾਫ਼ ਜਿਸ ਤੇਜ਼ੀ ਨਾਲ ਉਠਿਆ ਸੀ, ਉਸੇ ਤੇਜ਼ੀ ਨਾਲ ਹੇਠਾਂ ਡਿਗ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਬਿਲਕੁੱਲ ਵਾਜਬ ਨਹੀਂ ਕਿ ਦਿੱਲੀ ਵਿੱਚ ਬੈਠ ਕੇ ਪੰਜਾਬ ਦੇ ਫ਼ੈਸਲੇ ਕੀਤੇ ਜਾਣ।

ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਦੇ ਦਸਤਾਵੇਜ਼ਾਂ ਉੱਤੇ ਸਵਾਲ ਖੜ੍ਹੇ ਕਰਦੇ ਹੋਏ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੱਸਣ ਕਿ ਇਹ ਗੁਪਤ ਦਸਤਾਵੇਜ਼ ਕਿਸ ਨੇ ਤੇ ਕਿਉਂ ਜਨਤਕ ਕੀਤਾ। ਅਕਾਲੀ ਦਲ ਬਾਰੇ ਉਨ੍ਹਾਂ ਕਿਹਾ ਕਿ ਕੇਂਦਰੀ ਲੀਡਰਸ਼ਿਪ ਇਹ ਫੈਸਲਾ ਕਰ ਚੁੱਕੀ ਹੈ ਕਿ ਅਕਾਲੀ ਦਲ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਅਕਾਲੀ ਦਲ ਭਾਜਪਾ ਨਾਲ ਕੋਈ ਰਿਸ਼ਤਾ ਚਾਹੁੰਦਾ ਹੈ ਤਾਂ ਉਸ ਨੂੰ ਭਾਜਪਾ ਦੀਆਂ ਸ਼ਰਤਾਂ ਉੱਤੇ ਆਉਣਾ ਪਵੇਗਾ। ਭਾਜਪਾ ਦੀ ਪੰਜਾਬ ਦੀ ਯੋਜਨਾ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਅੱਗੇ ਵੱਡੀਆਂ ਚੁਣੌਤੀਆਂ ਹਨ। ਸਭ ਤੋਂ ਪਹਿਲਾਂ ਅਕਾਲੀ ਦਲ ਵੱਲੋਂ ਭਾਜਪਾ ਬਾਰੇ ਫੈਲਾਏ ਭਰਮ-ਭੁਲੇਖੇ ਦੂਰ ਕਰਨੇ ਹੋਣਗੇ।

ਸੰਗਰੂਰ ਜ਼ਿਮਨੀ ਚੋਣ ਬਾਰੇ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਪਹਿਲੀ ਵਾਰ ਇਕੱਲੇ ਇਸ ਚੋਣ ਲਈ ਆਪਣਾ ਉਮੀਦਵਾਰ ਖੜਾ ਕਰ ਚੁੱਕੀ ਹੈ ਅਤੇ ਪਾਰਟੀ ਲਈ ਭਾਵੇਂ ਇਹ ਪਹਿਲਾ ਤਜਰਬਾ ਹੋਵੇ, ਪਰ ਪਾਰਟੀ ਆਗੂ ਅਤੇ ਵਰਕਰ ਪੂਰੀ ਮਿਹਨਤ ਨਾਲ ਕੰਮ ਕਰ ਰਹੇ ਹਨ। ਕਾਂਗਰਸ ਬਾਰੇ ਉਨ੍ਹਾਂ ਕਿਹਾ ਕਿ ਸਾਰੀ ਉਮਰ ਜਿਸ ਪਾਰਟੀ ਵਿੱਚ ਬਿਤਾਈ ਹੈ, ਉਸ ਨੇ ਉਨ੍ਹਾਂ ਨੂੰ ਨੋਟਿਸ ਭੇਜ ਕੇ ਜ਼ਲੀਲ ਕੀਤਾ ਸੀ, ਜਦ ਕਿ ਇਹ ਨੋਟਿਸ ਅੰਬਿਕਾ ਸੋਨੀ ਨੂੰ ਭੇਜਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚੋਂ ਮੰਤਰੀਆਂ ਤੇ ਵਿਧਾਇਕਾਂ ਦਾ ਭਾਜਪਾ ਵਿੱਚ ਜਾਣਾ ਅਜੇ ਸ਼ੁਰੂਆਤ ਹੈ ਅਤੇ ਜਿੱਦ੍ਹਾਂ ਦਾ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਦਾ ਰਵੱਈਆ ਹੈ, ਉਹ ਇਸ ਕੰਮ ਵਿੱਚ ਭਾਜਪਾ ਦੀ ਪੂਰੀ ਮਦਦ ਕਰ ਰਹੇ ਹਨ।


# ਪੰਜਾਬ ਦੇ ਸੱਤ ਵਿਭਾਗ ਬਿਜਲੀ ਕਾਰਪੋਰੇਸ਼ਨ ਦੇ 2300 ਕਰੋੜ ਰੁਪਏ ਦੇ ਡਿਫ਼ਾਲਟਰ



ਪਟਿਆਲਾ, 14 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਚਲ ਰਹੇ ਬਿਜਲੀ ਸੰਕਟ ਦੌਰਾਨ ਪੀ ਐਸ ਈ ਬੀ ਇੰਜੀਨੀਅਰ ਐਸੋਸੀਏਸ਼ਨ ਨੇ ਰਾਜ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਮਿਲ ਕੇ ਦੱਸਿਆ ਕਿ ਬਿਜਲੀ ਨਿਗਮ ਦੀ ਇਹ ਹਾਲਤ ਪਿਛਲੀਆਂ ਸਰਕਾਰਾਂ ਦੇ ਗ਼ਲਤ ਫ਼ੈਸਲਿਆਂ ਨਾਲ ਹੋਈ ਹੈ, ਜਿਵੇਂ ਸਰਕਾਰੀ ਵਿਭਾਗਾਂ ਤੋਂ ਰਿਕਵਰੀ ਨਾ ਕਰ ਕੇ ਤੇ ਕੇਂਦਰ ਤੋਂ ਮਿਲਦੀਆਂ ਵੱਡੀਆਂ ਗ੍ਰਾਂਟਾਂ ਦੀਆਂ ਫ਼ਾਈਲਾਂ ਕਲੀਅਰ ਨਾ ਕਰ ਕੇ ਖ਼ਜ਼ਾਨੇ ਨੂੰ ਚੂਨਾ ਲਾਇਆ ਗਿਆ ਹੈ।

ਐਸੋਸੀਏਸ਼ਨ ਦੇ ਆਗੂ ਇੰਜੀਨੀਅਰ ਜਸਬੀਰ ਸਿੰਘ ਧੀਮਾਨ ਅਤੇ ਹੋਰਨਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਪੰਜਾਬ ਬਿਜਲੀ ਸਿਸਟਮ ਅਪਡੇਟ ਕਰਨ ਲਈ ਮਿਲਣ ਵਾਲੀ 25,237 ਕਰੋੜ ਦੀ ਸਬਸਿਡੀ ਦਾ ਫ਼ਾਇਦਾ ਲਵੇਅਤੇ ਇਸ ਨਾਲ ਰਿਵਾਪਮੈਂਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ ਡੀ ਐਸ ਐਸ) ਨੂੰ ਪੰਜਾਬ ਵਿੱਚ ਸ਼ੁਰੂ ਕਰਵਾਏ।ਇਸ ਦੌਰਾਨ ਐਸੋਸੀਏਸ਼ਨ ਆਗੂਆਂ ਨੇ ਵਿੱਤ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੇ ਕਈ ਵਿਭਾਗਾਂ ਵਿੱਚ ਬਿਜਲੀ ਨਿਗਮ ਦਾ ਕਰੋੜਾਂ ਰੁਪਇਆ ਬਕਾਇਆ ਹੈ, ਜਿਨ੍ਹਾਂ ਵਿਭਾਗਾਂ ਉੱਤੇ ਨਾ ਕੋਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਾ ਕੋਈ ਰਿਕਵਰੀ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਭ ਤੋਂ ਵੱਧ ਜਲ ਸਪਲਾਈ ਵਿਭਾਗ ਵੱਲ ਇੱਕ ਹਜ਼ਾਰ 95 ਕਰੋੜ ਬਕਾਇਆ ਹੈ, ਲੋਕਲ ਬਾਡੀਜ਼ ਵੱਲ 718 ਕਰੋੜ, ਪੇਂਡੂ ਵਿਕਾਸ ਵਿਭਾਗ ਵੱਲ 100 ਕਰੋੜ, ਸੀਵਰੇਜ ਬੋਰਡ ਵੱਲ 73 ਕਰੋੜ, ਸਿੰਜਾਈ ਵਿਭਾਗ ਵੱਲ 34 ਕਰੋੜ ਤੇ ਜੇਲ੍ਹ ਵਿਭਾਗ ਵੱਲ 19 ਕਰੋੜ ਰੁਪਏ ਦੇ ਬਕਾਏ ਹਨ।

ਪੰਜਾਬ ਦੀ ਮਾੜੀ ਮਾਇਕ ਹਾਲਤ ਉੱਤੇ ਐਸੋਸੀਏਸ਼ਨ ਆਗੂਆਂ ਨੇ ਕਿਹਾ ਕਿ ਅੱਜ ਤਕ ਦੀਆਂ ਸਰਕਾਰਾਂ ਸਿਰਫ਼ ਫੋਕੀਆਂ ਫੜ੍ਹਾਂ ਤੋਂ ਇਲਾਵਾ ਕੁਝ ਨਹੀਂ ਕਰ ਸਕੀਆਂ, ਕਿਉਂਕਿ ਇਨ੍ਹਾਂ ਵਿਭਾਗਾਂ ਤੋਂ ਰਿਕਵਰੀ ਲਈ ਕੋਈ ਕਦਮ ਨਹੀਂ ਪੁੱਟਿਆ ਗਿਆ। ਇਸ ਦੌਰਾਨ ਐਸੋਸੀਏਸ਼ਨ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਜੇ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਮਿਲਣ ਵਾਲੀ 25 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦੀਆਂ ਫ਼ਾਈਲਾਂ ਕਲੀਅਰ ਕਰਕੇ ਹਾਸਲ ਕਰ ਲੈਂਦੀ ਹੈ ਤਾਂ ਇਸ ਨਾਲ ਪੰਜਾਬ ਦੇ ਬਿਜਲੀ ਸਿਸਟਮ ਦਾ ਨਵੀਨੀਕਰਨ ਕੀਤਾ ਜਾ ਸਕਦਾ ਹੈ।ਇਨ੍ਹਾਂ ਆਗੂਆਂ ਨੇ ਦਾਅਵਾ ਕੀਤਾ ਕਿ ਉਤਰ ਪ੍ਰਦੇਸ਼ ਅੱਜ ਤਕ 35 ਹਜ਼ਾਰ ਕਰੋੜ ਤਕ ਦੀ ਸਬਸਿਡੀ ਲੈ ਚੁੱਕਾ ਤੇ ਅਗਲੀ ਕਿਸ਼ਤ ਲੈਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਕੇਂਦਰ ਤੋਂ ਅਜਿਹੀਆਂ ਸਕੀਮਾਂ ਹਾਸਲ ਕਰਨ ਵਿੱਚ ਕਾਮਯਾਬ ਰਹੀ ਤਾਂ ਪੰਜਾਬ ਦਾ ਭਲਾ ਹੋਵੇਗਾ ਤੇ ਲੋਕਾਂ ਦੇ ਹਿੱਤ ਵਿੱਚ ਇਸ ਪੈਸੇ ਨਾਲ ਵਧੀਆ ਕੰਮ ਕੀਤੇ ਜਾ ਸਕਦੇ




# ਚਮੜਾ ਫ਼ੈਕਟਰੀ ਵਿੱਚ ਜ਼ਹਿਰੀਲੀ ਗੈਸ ਦੀ ਲਪੇਟ ਵਿੱਚ ਆਉਣ ਨਾਲ ਤਿੰਨ ਮਜ਼ਦੂਰਾਂ ਦੀ ਮੌਤ



ਕਰਨਾਲ, 14 ਜੂਨ (ਪੋਸਟ ਬਿਊਰੋ)- ਹਰਿਆਣੇ ਦੇ ਕਰਨਾਲ ਜ਼ਿਲ੍ਹੇ ਦੀ ਇੱਕ ਚਮੜਾ ਫ਼ੈਕਟਰੀ ਵਿੱਚ ਡੂੰਘੀ ਖੱਡ ਸਾਫ਼ ਕਰਨ ਦੌਰਾਨ ਜ਼ਹਿਰੀਲੀ ਗੈਸ ਚੜ੍ਹਨ ਨਾਲ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਦੋ ਲੋਕਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਦੂਜੇ ਨੂੰ ਬਚਾਉਣ ਲਈ ਤਿੰਨਾਂ ਦੀ ਮੌਤ ਹੋਈ ਹੈ।

ਕੁੰਜਪੁਰਾ ਥਾਣਾ ਪੁਲਸ ਇਸ ਦੀ ਜਾਂਚਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਫ਼ੈਕਟਰੀ ਵਿੱਚ ਖੱਡ ਦੀ ਸਫ਼ਾਈ ਲਈ ਮਜ਼ਦੂਰ ਲਾਏ ਸਨ। ਪੁਲਸ ਅਨੁਸਾਰ ਪਹਿਲੇ ਇੱਕ ਮਜ਼ਦੂਰ ਖੱਡ ਵਿੱਚ ਗਿਆ ਤਾਂ ਬੇਹੋਸ਼ ਹੋ ਕੇ ਗਿਆ। ਉਸ ਨੂੰ ਬਚਾਉਣ ਲਈ ਦੂਜਾ ਮਜ਼ਦੂਰ ਖੱਡ ਵਿੱਚ ਗਿਆ। ਫਿਰ ਤੀਜਾ ਮਜ਼ਦੂਰ ਗਿਆ। ਇਸ ਪਿੱਛੋਂ ਹੋਰ ਦੋ ਮਜ਼ਦੂਰ ਖੱਡ ਵਿੱਚ ਗਏ ਤਾਂ ਉਨ੍ਹਾਂ ਨੂੰ ਵੀ ਜ਼ਹਿਰੀਲੀ ਗੈਸ ਚੜ੍ਹਨ ਨਾਲ ਚੱਕਰ ਆਉਣ ਲੱਗੇ। ਓਥੇ ਮੌਜੂਦ ਲੋਕਾਂ ਨੇ ਉਨ੍ਹਾਂ ਸਾਰਿਆਂ ਨੂੰ ਬਾਹਰ ਕੱਢਿਆ ਅਤੇ ਹਸਪਤਾਲ ਲਿਜਾਇਆ ਗਿਆ, ਜਿੱਥੇ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ ਦੋ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕਾਂ ਦੀ ਪਛਾਣ ਸਤੀਸ਼, ਪਵਨ ਅਤੇ ਇੱਕ ਹੋਰ ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪਰਵਾਰ ਵਾਲਿਆਂ ਦੀ ਸ਼ਿਕਾਇਤ ਦੇ ਆਧਾਰ ਉੱਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

# ਕੋਰੋਨਾ ਵੈਕਸੀਨੇਸ਼ਨ ਵਿਰੋਧੀ ਗੁਪਤ ਸੰਗਠਨ ਵੀ ਬਣੇ ਹੋਏ ਨੇ



ਵੇਲਿੰਗਟਨ, 14 ਜੂਨ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਵੱਲੋਂ ਕੋਰੋਨਾ ਮਹਾਮਾਰੀ ਦੌਰਾਨ ਲਾਏ ਗਏ ਸਖ਼ਤ ਲਾਕਡਾਊਨ ਅਤੇ ਪਾਬੰਦੀਆਂ ਕਾਰਨ ਉਨ੍ਹਾਂ ਨੂੰ ਤਿੰਨ ਸਾਲ ਦੌਰਾਨ ਲਗਭਗ 100 ਤੋਂ ਜ਼ਿਆਦਾ ਧਮਕੀਆਂ ਮਿਲੀਆਂ ਹਨ। ਬੀਤੇ ਦਿਨੀਂ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਜ਼ਰੂਰੀ ਦਾ ਬਿਆਨ ਤੇ ਉਸ ਪਿੱਛੋਂ ਲਾਈਆਂ ਪਾਬੰਦੀਆਂ ਖ਼ਿਲਾਫ ਪਾਰਲੀਮੈਂਟ ਦੇ ਬਾਹਰ ਜੰਮ ਕੇ ਪ੍ਰਦਰਸ਼ਨ ਕਰਦੇ ਹੋਏ ਲੋਕ ਸੜਕਾਂ ਉੱਤੇ ਆ ਗਏ ਸਨ। ਇਸ ਦੇ ਬਾਅਦ ਤੋਂ ਉਨ੍ਹਾਂ ਖ਼ਿਲਾਫ ਹਿੰਸਕ ਟਿੱਪਣੀਆਂ ਪਹਿਲਾਂ ਤੋਂ ਵਧ ਗਈਆਂ ਹਨ।

ਅਧਿਕਾਰਤ ਨਿਯਮਾਂ ਦੇ ਤਹਿਤ ਜਾਰੀ ਕੀਤੇ ਗਏ ਨਵੇਂ ਡਾਟਾ ਅਨੁਸਾਰ ਪ੍ਰਧਾਨ ਮੰਤਰੀ ਜੇਸਿੰਡਾ ਨੂੰ 2019 ਵਿੱਚ 18 ਵਾਰ ਧਮਕੀਆਂ, 2020 ਵਿੱਚ 32 ਵਾਰ ਅਤੇ 2021 ਵਿੱਚ ਪੰਜਾਹ ਵਾਰ ਧਮਕੀਆਂ ਮਿਲੀਆਂ ਸਨ। ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਦੇ ਖ਼ਿਲਾਫ ਵੈਕਸੀਨੇਸ਼ਨ ਵਿਰੋਧੀ ਗਰੁੱਪਾਂ ਵੱਲੋਂ ਰੋਜ਼ਾਨਾ ਸੜਕਾਂ ਉੱਤੇ ਅਪਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜੇਸਿੰਡਾ ਦੇ ਵੈਕਸੀਨੇਸ਼ਨਵਿਰੋਧੀ ਕਈ ਗੁਪਤ ਸੰਗਠਨ ਵੀ ਬਣ ਗਏ ਹਨ। ਫਰਵਰੀ ਵਿੱਚ ਪਾਰਲੀਮੈਂਟ ਦੇ ਬਾਹਰ ਚੱਲਦੇ ਪ੍ਰਦਰਸ਼ਨ ਦੌਰਾਨ ਸੜਕ ਰੋਕ ਕੇ ਹਿੰਸਾਤਮਕ ਦੰਗਾ ਕਰਨ ਤੇ ਪੁਲਸ ਦੇ ਵਿਰੋਧ ਕਰਨ ਉੱਤੇਪਾਰਲੀਮੈਂਟ ਮੈਦਾਨ ਵਿੱਚ ਅੱਗ ਲਾਉਣ ਵਰਗੀਆਂ ਘਟਨਾਵਾਂ ਵੀ ਹੋ ਚੁੱਕੀਆਂ ਹਨ। ਓਧਰ 15 ਮਾਰਚ ਨੂੰ ਹੋਈ ਮਾਸ ਸ਼ੂਟਿੰਗ ਨੂੰ ਵੀ ਇਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਵਿੱਚ ਦੋ ਪੁਰਸ਼ਾਂ ਨੂੰ ਵਾਰ-ਵਾਰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਾਲ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਗੰਨ ਕਲਚਰ ਰੋਕਣ ਲਈ ਪਾਰਲੀਮੈਂਟ ਵਿੱਚ ਵਿਚਾਰ ਦੌਰਾਨ ਅਮਰੀਕਾ ਵਿੱਚ ਫਿਰ ਫਾਇਰਿੰਗ




ਵਾਸ਼ਿੰਗਟਨ, 14 ਜੂਨ (ਪੋਸਟ ਬਿਊਰੋ)- ਇੱਕ ਪਾਸੇ ਅਮਰੀਕੀ ਪਾਰਲੀਮੈਂਟ<ਗੰਨ ਕਲਚਰ ਦੇ ਵਿਰੁੱਧ ਸਖ਼ਤ ਉਪਾਵਾਂ ਉੱਤੇਵਿਚਾਰ ਕਰ ਰਹੀ ਹੈ, ਦੂਜੇ ਪਾਸੇ ਦੇਸ਼ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ 16 ਜ਼ਖਮੀ ਹੋ ਗਏ ਪਤਾ ਲੱਗੇ ਹਨ।

ਪਹਿਲੀ ਘਟਨਾ ਵਿੱਚ ਦੱਖਣੀ ਅਲਬਾਨੀ ਵਿੱਚ ਅਪਰਾਧੀਆਂ ਨੇ ਭੱਜਦੇ ਹੋਏ ਗੋਲੀਆਂ ਚਲਾ ਕੇ 37 ਸਾਲਾ ਮਹਿਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸਾਊਥ ਇੰਡੀਆਨਾ ਵਿੱਚ 34 ਸਾਲਾ ਵਿਅਕਤੀ ਇੱਕ ਵਾਹਨ ਦੇ ਅੰਦਰ ਗੋਲੀ ਨਾਲ ਜ਼ਖ਼ਮੀ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਸਾਊਥ ਡੇਮਨ ਵਿੱਚ ਇੱਕ ਵਾਹਨ ਉੱਤੇ ਗੋਲੀਬਾਰੀ ਵਿੱਚ ਇੱਕ 23 ਸਾਲਾ ਵਿਅਕਤੀ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਹਫ਼ਤੇ ਦੇ ਅੰਤ ਦੀ ਪਹਿਲੀ ਖਤਰਨਾਕ ਸ਼ੂਟਿੰਗ ਵਿੱਚ ਦੱਖਣੀ ਜਸਟਿਨ ਵਿੱਚ 25 ਸਾਲਾ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕੈਲੀਫੋਰਨੀਆ ਦੇ ਤੀਜੇ ਸਭ ਤੋਂ ਵੱਡੇ ਸ਼ਹਿਰ ਸੈਨ ਜੋਸ ਵਿੱਚ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਪੁਲਸ ਵਿਭਾਗ ਮੁਤਾਬਕ ਇੱਕ ਵਿਅਕਤੀ ਨੇ ਘਰੇਲੂ ਵਿਵਾਦ ਤੋਂ ਬਾਅਦ ਦੋ ਲੋਕਾਂ ਦੀ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਫਿਰ ਖ਼ੁਦ ਨੂੰ ਗੋਲੀ ਮਾਰ ਲਈ।ਉਥੇ ਅਮਰੀਕਾ ਦੇ ਲਾਸ ਏਂਜਲਸ ਵਿੱਚ ਕੱਲ੍ਹ ਇੱਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਹੋ ਗਏ। ਲਾਸ ਏਂਜਲਸ ਪੁਲਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਜ਼ਖਮੀਆਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ।

# ਜਾਵੇਦ ਅਹਿਮਦ ਦਾ ਮਕਾਨ ਢਾਹੁਣ ਖ਼ਿਲਾਫ ਵਕੀਲ ਹਾਈ ਕੋਰਟ ਪੁੱਜੇ



ਪ੍ਰਯਾਗਰਾਜ, 14 ਜੂਨ (ਪੋਸਟ ਬਿਊਰੋ)- ਵਕੀਲਾਂ ਦੇ ਇੱਕ ਗਰੁੱਪ ਨੇ ਅਲਾਹਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਈ-ਮੇਲ ਰਾਹੀਂ ਭੇਜੀ ਪਟੀਸ਼ਨ ਵਿੱਚ ਪ੍ਰਯਾਗਰਾਜ ਵਿੱਚ 10 ਜੂਨ ਨੂੰ ਹੋਈ ਹਿੰਸਾ ਦੇ ਮੁੱਖ ਸਾਜ਼ਿਸ਼ਘਾੜੇ ਦੇ ਮਕਾਨ ਉੱਤੇ ਪ੍ਰਯਾਗਰਾਜ ਵਿਕਾਸ ਅਥਾਰਟੀ (ਪੀ ਡੀ ਏ) ਵੱਲੋਂ ਬੁਲਡੋਜ਼ਰ ਚਲਾਉਣ ਦਾ ਵਿਰੋਧ ਕੀਤਾ ਹੈ। ਓਧਰ ਮੁਸਲਿਮ ਜਥੇਬੰਦੀ ਜਮਾਇਤ ਉਲੇਮਾ-ਏ-ਹਿੰਦ ਨੇ ਸੁਪਰੀਮ ਕੋਰਟ ਵਿੱਚ ਦੋ ਪਟੀਸ਼ਨਾਂ ਨਾਲ ਮੰਗ ਕੀਤੀ ਹੈ ਕਿ ਉਤਰ ਪ੍ਰਦੇਸ਼ ਸਰਕਾਰ ਨੂੰ ਹਿਦਾਇਤ ਕੀਤੀ ਜਾਵੇ ਕਿ ਸੂਬੇ ਵਿੱਚ ਕੋਈ ਵੀ ਉਸਾਰੀ ਢਾਹੁਣ ਤੋਂ ਪਹਿਲਾਂ ਲੋੜੀਂਦੀ ਕਾਨੂੰਨੀ ਕਾਰਵਾਈ ਪੂਰੀ ਕੀਤੀ ਜਾਵੇ। 'ਜ਼ਿਲ੍ਹਾ ਅਧਿਵਕਤਾ ਮੰਚ' (ਜ਼ਿਲ੍ਹਾ ਵਕਾਲਤ ਮੰਚ) ਨਾਂਅ ਦੀ ਐਸੋਸੀਏਸ਼ਨ ਦੇ ਪੰਜ ਵਕੀਲਾਂ ਨੇ ਹਾਈ ਕੋਰਟ ਵਿੱਚ ਦਿੱਤੀ ਅਰਜ਼ੀ ਵਿੱਚ ਕਿਹਾ ਕਿ ਐਤਵਾਰ ਨੂੰ ਜਿਸ ਮਕਾਨ ਉੱਤੇ ਬੁਲਡੋਜ਼ਰ ਚਲਾਇਆ ਸੀ, ਉਸ ਦਾ ਮਾਲਕ ਜਾਵੇਦ ਅਹਿਮਦ ਨਹੀਂ, ਉਸ ਦੀ ਬੇਗ਼ਮ ਫਾਤਿਮਾ ਪ੍ਰਵੀਨ ਹੈ, ਜਿਸ ਇਹ ਘਰ ਉਸ ਦੇ ਮਾਂ-ਬਾਪ ਨੇ ਉਸ ਦੇ ਨਿਕਾਹ ਤੋਂ ਪਹਿਲਾਂ ਦਿੱਤਾ ਸੀ, ਇਸ ਲਈ ਮੁਸਲਿਮ ਪਰਸਨਲ ਲਾਅ ਬੋਰਡ ਮੁਤਾਬਕ ਜਾਵੇਦ ਅਹਿਮਦ ਦਾ ਇਸ ਮਕਾਨ ਜਾਂ ਪਲਾਟ ਉੱਤੇ ਕੋਈ ਮਾਲਕਾਨਾ ਹੱਕ ਨਹੀਂ ਅਤੇ ਮਕਾਨ ਉਤੇ ਬੁਲਡੋਜ਼ਰ ਚਲਾਉਣਾ ਕਾਨੂੰਨ ਦੀ ਉਲੰਘਣਾ ਹੈ।

ਦੂਸਰੇ ਪਾਸੇ ਪੀ ਡੀ ਏ ਅਧਿਕਾਰੀ ਦਾ ਦਾਅਵਾ ਸੀ ਕਿ ਦੋਸ਼ੀ ਜਾਵੇਦ ਅਹਿਮਦ ਦੇ ਮਕਾਨ ਦਾ ਨਕਸ਼ਾ ਅਥਾਰਟੀ ਵੱਲੋਂ ਪਾਸ ਨਹੀਂ ਸੀ। ਪਟੀਸ਼ਨ ਵਿੱਚ ਇਹ ਗੱਲ ਵੀ ਆਖੀ ਗਈ ਕਿ ਮਕਾਨ ਢਾਹੁਣ ਨੂੰ ਜਾਇਜ਼ ਦੱਸਣ ਲਈ ਪੀ ਡੀ ਏ ਨੇ ਇੱਕ ਦਿਨ ਪਹਿਲਾਂ 11 ਜੂਨ ਨੂੰ ਘਰ ਦੇ ਬਾਹਰ ਨੋਟਿਸ ਲਾ ਦਿਤਾ ਸੀ। ਵਕੀਲਾਂ ਨੇ ਕਿਹਾ ਕਿ ਅਹਿਮਦ ਜਾਂ ਉਸ ਦੀ ਬੇਗ਼ਮ ਨੂੰ ਕੋਈ 'ਕਾਰਨ ਦੱਸੋ' ਨੋਟਿਸ ਨਹੀਂ ਮਿਲਿਆ। ਪਟੀਸ਼ਨ ਮੁਤਾਬਕ 'ਸ਼ੋਸ਼ਲ ਵਰਕਰ' ਅਹਿਮਦ ਨੂੰ 10 ਜੂਨ ਦੀ ਰਾਤ ਨੂੰ ਗ੍ਰਿਫਤਾਰ ਕੀਤਾ ਤੇ 11 ਜੂਨ ਨੂੰ ਉਸ ਦੇ ਖ਼ਿਲਾਫ ਖੁਲਦਾਬਾਦ ਥਾਣੇ ਵਿੱਚ ਸ਼ਿਕਾਇਤ ਦਰਜ ਕੀਤੀ ਗਈ ਸੀ। ਪਟੀਸ਼ਨ ਦਾਖ਼ਲ ਕਰਨ ਵਾਲੇ ਵਕੀਲਾਂ ਵਿੱਚ ਕੇ ਕੇ ਰਾਏ, ਮੁਹੰਮਦ ਸਦੀਕ ਸਿੱਦੀਕੀ, ਰਾਜਵੇਂਦਰ ਸਿੰਘ, ਪ੍ਰਬਲ ਪ੍ਰਤਾਪ, ਰਵਿੰਦਰ ਸਿੰਘ ਅਤੇ ਹੋਰ ਸ਼ਾਮਲ ਹਨ। ਪ੍ਰਯਾਗਰਾਜ ਵਿਕਾਸ ਅਥਾਰਟੀ ਦੇ ਸੀਨੀਅਰ ਅਧਿਕਾਰੀ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਜਾਵੇਦ ਅਹਿਮਦ ਦਾ ਮਕਾਨ 'ਜੇ ਕੇ ਆਸ਼ਿਆਨਾ' ਪ੍ਰਯਾਗਰਾਜ ਦੇ ਕਰੇਲੀ ਖੇਤਰ ਵਿੱਚ ਹੈ। ਮਕਾਨ ਢਾਹੁਣ ਦਾ ਕੰਮ ਇੱਕ ਵਜੇ ਦੇ ਕਰੀਬ ਸ਼ੁਰੂ ਹੋਇਆ। ਅਧਿਕਾਰੀਆਂ ਨੇ ਕਿਹਾ ਕਿ ਪੀ ਡੀ ਏ ਤੋਂ ਨਕਸ਼ਾ ਪਾਸ ਕਰਵਾਏ ਬਿਨਾਂ ਮਕਾਨ ਬਣਾਇਆ ਗਿਆ ਸੀ, ਇਸਲਈ ਜਾਵੇਦ ਨੂੰ 10 ਮਈ ਨੂੰ ਨੋਟਿਸ ਭੇਜ ਕੇ 24 ਮਈ ਨੂੰ ਪੇਸ਼ ਹੋਣ ਨੂੰ ਕਿਹਾ ਸੀ। ਜਾਵੇਦ ਜਾਂ ਉਸ ਦਾ ਵਕੀਲ ਦੱਸੀ ਤਰੀਕ ਉੱਤੇ ਪੇਸ਼ ਨਹੀਂ ਹੋਏ ਤੇ ਨਾ ਕੋਈ ਦਸਤਾਵੇਜ਼ ਪੇਸ਼ ਕੀਤੇ, ਜਿਸ ਮਗਰੋਂ 25 ਮਈ ਨੂੰ ਮਕਾਨ ਢਾਹੁਣ ਸਬੰਧੀ ਹੁਕਮ ਜਾਰੀ ਕਰ ਦਿੱਤੇ ਗਏ।

# ਪਾਕਿ-ਚੀਨ ਵਿਚਾਲੇ ਫੌਜੀ ਅਤੇ ਅੱਤਵਾਦ ਵਿਰੋਧੀ ਸਹਿਯੋਗ ਵਧਾਉਣ ਦੀ ਸਹਿਮਤੀ



ਇਸਲਾਮਾਬਾਦ, 14 ਜੂਨ (ਪੋਸਟ ਬਿਊਰੋ)- ਪਾਕਿ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪਾਕਿ-ਸਤਾਨ ਅਤੇ ਚੀਨ ਵਿਚਾਲੇ ਸਦਾਬ-ਹਾਰ ਰਣਨੀਤਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਚੀਨ ਦੀ ਫੌਜੀ ਕਮਾਂਡ ਨਾਲ ਖੁੱਲ੍ਹੀ ਗੱਲਬਾਤ ਕੀਤੀ ਹੈ। ਚੀਨ ਅਤੇ ਪਾਕਿਸਤਾਨ ਨੇ ਚੁਣੌਤੀਪੂਰਨ ਸਮੇਂ ਵਿੱਚ ਰੱਖਿਆ ਤੇ ਅੱਤਵਾਦ ਵਿਰੋਧੀ ਸਹਿਯੋਗ ਵਧਾਉਣਦੀ ਵੀ ਸਹਿਮਤੀ ਪ੍ਰਗਟਾਈ। ਜਨਰਲ ਬਾਜਵਾ ਨੇ ਪਾਕਿਸਤਾਨ ਦੇ ਸੀਨੀਅਰ ਰੱਖਿਆ ਅਧਿਕਾਰੀਆਂ ਨਾਲ ਬੀਤੇ ਐਤਵਾਰ ਪੂਰਬੀ ਚੀਨ ਦੇ ਸ਼ਾਨਦੋਂਗ ਸੂਬੇ ਦੀ ਰਾਜਧਾਨੀ ਕਿੰਗਦਾਓ ਵਿੱਚ ਚੀਨ ਦੇ ਵਫਦ ਨਾਲ ਗੱਲਬਾਤ ਕੀਤੀ ਸੀ, ਜਿਸ ਦੀ ਅਗਵਾਈ ਵਾਈਸ ਚੇਅਰਮੈਨ ਸੈਂਟਰਲ ਮਿਲਟਰੀ ਕਮਿਸ਼ਨ ਜਨਰਲ ਝਾਂਗ ਯੂਕਸਿਆ ਕਰ ਰਹੇ ਸਨ।

ਇਸ ਬਾਰੇ ਪਾਕਿ ਫੌਜ ਦੇ ਬਿਆਨ ਅਨੁਸਾਰ ਪਾਕਿਸਤਾਨ ਦੇ ਥ੍ਰੀ ਸਰਵਿਸਿਜ਼ ਫੌਜੀ ਪ੍ਰਤੀਨਿਧੀ ਮੰਡਲ ਨੇ ਨੌਂ ਤੋਂ 12 ਜੂਨ ਤਕ ਚੀਨ ਦਾ ਦੌਰਾ ਕੀਤਾ, ਜਿੱਥੇ ਉਸ ਨੇ ਚੀਨੀ ਫੌਜ ਅਤੇ ਹੋਰ ਸਰਕਾਰੀ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਖੁੱਲ੍ਹੀ ਚਰਚਾ ਕੀਤੀ। ਮੁੱਖ ਬੈਠਕ ਐਤਵਾਰ ਨੂੰ ਹੋਈ, ਜਿੱਥੇ ਪਾਕਿਸਤਾਨੀ ਧਿਰ ਦੀ ਅਗਵਾਈ ਜਨਰਲ ਬਾਜਵਾ ਨੇ ਅਤੇ ਚੀਨੀ ਧਿਰ ਦੀ ਅਗਵਾਈ ਜਨਰਲ ਝਾਂਗ ਨੇ ਕੀਤੀ। ਦੋਵਾਂ ਧਿਰਾਂ ਨੇ ਵਿਸ਼ਵ ਅਤੇ ਖੇਤਰੀ ਸੁਰੱਖਿਆ ਸਥਿਤੀ ਉੱਤੇ ਆਪਣੇ ਦ੍ਰਿਸ਼ਟੀਕੋਣ ਉਤੇ ਚਰਚਾ ਕੀਤੀ ਅਤੇ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਸਹਿਯੋਗ ਉੱਤੇ ਤਸੱਲੀ ਜ਼ਾਹਰ ਕੀਤੀ।

## ਭਾਰਤੀ ਮੂਲ ਦੀ ਮੁਲਾਜ਼ਮ ਨੂੰ ਚੋਰੀ ਤੇ ਧੋਖਾਧੜੀ ਬਦਲੇ ਜੁਰਮਾਨਾ

ਸਿੰਗਾਪੁਰ, 14 ਜੂਨ (ਪੋਸਟ ਬਿਊਰੋ)- ਸਿੰਗਾਪੁਰ ਦੇ ਇੱਕ ਨਰਸਿੰਗ ਹੋਮ ਵਿੱਚ ਕੰਮ ਕਰਦੀ ਭਾਰਤੀ ਮੂਲ ਦੀ ਮਹਿਲਾ ਕਰਮਚਾਰੀ ਨੂੰ ਕੱਲ੍ਹ 4,000 ਸਿੰਗਾਪੁਰੀ ਡਾਲਰ ਜੁਰਮਾਨਾ ਲੱਗ ਗਿਆ। ਉਸ ਨੂੰ ਪਹਿਲਾਂ ਸਿੰਗਾਪੁਰ ਦੇ ਇੱਕ ਬਜ਼ੁਰਗ ਵਿਅਕਤੀ ਨਾਲ ਧੋਖਾਧੜੀ ਅਤੇ ਚੋਰੀ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਖ਼ਬਰਾਂ ਮੁਤਾਬਕ 59 ਸਾਲਾ ਲਤਾ ਨਾਰਾਇਣਨ ਨੇ ਉਸ ਬਜ਼ੁਰਗ ਵਿਅਕਤੀ ਦਾ ਏ ਟੀ ਐਮ ਕਾਰਡ ਚੋਰੀ ਕਰ ਲਿਆ ਸੀ, ਜਿਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਉਸ ਨੂੰ ਦਿੱਤੀ ਗਈ ਸੀ। ਔਰਤ ਨੇ ਉਕਤ ਏ ਟੀ ਐਮ ਕਾਰਡ ਤੋਂ ਇੱਕ ਹਜ਼ਾਰ ਸਿੰਗਾਪੁਰੀ ਡਾਲਰ ਕਢਵਾ ਲਏ। ਫਿਰ ਉਸ ਨੇ ਸੁਪਰਮਾਰਕੀਟ ਵਿੱਚ ਜਾ ਕੇ ਕਾਰਡ ਨਾਲ ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਖਰੀਦਦਾਰੀ ਕੀਤੀ। ਦ ਸਟ੍ਰੇਟ ਟਾਈਮਜ਼ ਦੇ ਅਨੁਸਾਰ ਸਜ਼ਾ ਸੁਣਾਉਣ ਸਮੇਂ ਲਤਾ ਵਿਰੁੱਧ ਦੋ ਹੋਰ ਇਹੋ ਜਿਹੇ ਦੋਸ਼ਾਂ ਉੱਤੇ ਵੀ ਵਿਚਾਰ ਕੀਤਾ ਗਿਆ। ਅਦਾਲਤੀ ਸੁਣਵਾਈ ਮੁਤਾਬਕ ਸਾਲ 2019 ਵਿੱਚ ਲਤਾ ਵੁਡਲੈਂਡਸ ਕੇਅਰ ਹੋਮ ਵਿੱਚ ਹੈੱਲਥ ਸਹਾਇਕ ਸੀ ਅਤੇ ਉਸ ਨੂੰ ਇਸ ਕੇਸ ਵਿੱਚ ਪੀੜਤ 65 ਸਾਲਾ ਬਜ਼ੁਰਗ ਵਿਅਕਤੀ ਦੀ ਦੇਖਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਵਿਅਕਤੀ ਦੀ ਜਨਵਰੀ 2021 ਵਿੱਚ ਮੌਤ ਹੋ ਗਈ ਸੀ।

# ਸ੍ਰੀਲੰਕਾ ਦਾ ਹਸ਼ਰ ਦੇਖ ਕੇ ਚੀਨ ਤੋਂ ਕਰਜ਼ੇ ਬਾਰੇ ਬੰਗਲਾ ਦੇਸ਼ ਚੌਕੰਨਾ ਹੋਇਆ



ਢਾਕਾ, 14 ਜੂਨ (ਪੋਸਟ ਬਿਊਰੋ)- ਚੀਨ ਦੇ ਕਰਜ਼ੇ ਹੇਠ ਦੱਬੇ ਦੇਸ਼ਾਂ, ਖਾਸ ਤੌਰ ਉੱਤੇ ਗੁਆਂਢੀ ਦੇਸ਼ ਮਾਲਦੀਵ ਅਤੇ ਸ੍ਰੀਲੰਕਾ ਦਾ ਹਸ਼ਰ ਦੇਖ ਕੇ ਬੰਗਲਾ ਦੇਸ਼ ਚੌਕੰਨਾ ਹੋ ਗਿਆ ਹੈ।

ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੀ ਸਰਕਾਰ ਚੀਨ ਤੋਂ ਕਰਜ਼ਾ ਲੈਣ ਬਾਰੇ ਉਤਸ਼ਾਹ ਵਿੱਚ ਨਹੀਂ ਰਹੀ। ਸਾਲ 2016 ਵਿੱਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਢਾਕਾ ਯਾਤਰਾ ਵੇਲੇ ਬੰਗਲਾ ਦੇਸ਼ ਦੀ 24 ਅਰਬ ਡਾਲਰ ਦੀ ਵੱਡੀ ਮਦਦ ਕਰਨ ਦਾ ਐਲਾਨ ਹੱਦ ਤਕ ਐਲਾਨ ਤਕ ਸੀਮਿਤ ਹੈ।ਚੀਨ ਨੇ ਆਪਣੇ ਮਹੱਤਵਪੂਰਨ ਬਾਰਡਰ ਰੋਡ ਇਨੀਸ਼ੀਏਟਿਵ (ਬੀ ਆਰ ਆਈ) ਦੇ ਤਹਿਤ ਜਿਨ੍ਹਾਂ ਪ੍ਰੋਜੈਕਟਾਂ ਨੂੰ ਬੰਗਲਾ ਦੇਸ਼ ਵਿੱਚ ਚਲਾਉਣ ਦੀ ਮਨਸ਼ਾ ਪ੍ਰਗਟਾਈ ਸੀ, ਉਨ੍ਹਾਂ ਵਿੱਚੋਂ ਬਹੁਤਿਆਂ ਦਾ ਕੰਮ ਜ਼ੀਰੋ ਹੈ। ਦੂਸਰੇ ਪਾਸੇ, ਇਸੇ ਹਫਤੇ ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਏ ਕੇ ਅਬਦੁਲ ਮੋਮਨ ਅਤੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਅਗਵਾਈ ਵਿੱਚ ਸਾਂਝੀ ਸਲਾਹਕਾਰ ਕਮੇਟੀ (ਜੇ ਸੀ ਸੀ) ਦੀ ਬੈਠਕ ਹੋਵੇਗੀ ਜਿਸ ਵਿੱਚ ਭਾਰਤ ਦੀ ਮਦਦ ਨਾਲ ਉਥੇ ਸ਼ੁਰੂ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਨੂੰ ਅੰਤਿਮ ਰੂਪ ਦਿੱਤਾ ਜਾਏਗਾ।ਬੰਗਲਾ ਦੇਸ਼ ਦੇ ਸੂਚਨਾ ਮੰਤਰੀ ਡਾਕਟਰ ਹਸਨ ਮਹਿਮੂਦ ਨੇ ਸਾਫ ਕਿਹਾ ਕਿ ਉਨ੍ਹਾਂ ਦਾ ਦੇਸ਼ ਚੀਨ ਤੋਂ ਨਵਾਂ ਕਰਜ਼ਾ ਨਹੀਂ ਲੈ ਰਿਹਾ ਹੈ। ਚੀਨ ਨੇ ਢਾਕਾ ਨੂੰ ਚੱਟੋਗ੍ਰਾਮ ਤੋਂ ਬੁਲੇਟ ਟਰੇਨ ਨਾਲ ਜੋੜਨ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਵਿਚਾਰ ਕਰਨ ਦੇ ਬਾਅਦ ਸ਼ੇਖ਼ ਹਸੀਨਾ ਸਰਕਾਰ ਨੇ ਰੱਦ ਕਰ ਦਿੱਤਾ ਹੈ।

# ਛੱਤੀਸਗੜ੍ਹ ਵਿੱਚ ਕਾਂਗਰਸ ਮੈਂਬਰਸ਼ਿਪ ਵਿੱਚ ਕੁੱਤੇ, ਬਿੱਲੀ ਅਤੇ ਗਾਂ ਵੀ ਮੈਂਬਰ ਬਣਾ ਦਿੱਤੇ ਗਏ

ਰਾਏਪੁਰ, 14 ਜੂਨ (ਪੋਸਟ ਬਿਊਰੋ)- ਛੱਤੀਸਗੜ੍ਹ ਵਿੱਚ ਯੂਥ ਕਾਂਗਰਸ ਦੀਆਂ ਚੋਣਾਂ ਵਿੱਚ ਪਹਿਲੀ ਵਾਰ ਆਪਣੀ ਤਰ੍ਹਾਂ ਦੀ ਅਨੋਖੀ ਗੱਲ ਹੋਈ ਕਿ ਕੁਝ ਉਮੀਦਵਾਰਾਂ ਨੇ ਕੁੱਤੇ, ਬਿੱਲੀ ਤੇ ਗਾਂ ਨੂੰ ਮੈਂਬਰਸ਼ਿਪ ਦਿਵਾਉਂਦੇ ਹੋਏ ਬਾਕਾਇਦਾ ਉਨ੍ਹਾਂ ਦੀ ਫੋਟੋ ਖਿੱਚੀ, ਐਪ ਉੱਤੇ ਅਪਲੋਡ ਕੀਤੀ ਤੇ ਵੋਟਿੰਗ ਕਰਵਾ ਦਿੱਤੀ। ਏਹੀ ਨਹੀਂ, ਕਈ ਵੋਟਰਾਂ ਨੇ ਤਿੰਨ ਤੋਂ ਪੰਜ ਵਾਰ ਵੋਟਿੰਗ ਕੀਤੀ ਹੈ। ਜਾਂਚ ਤੋਂ ਬਾਅਦ ਇਨ੍ਹਾਂ ਨੂੰ ਵੋਟਾਂ ਨੂੰ ਰੱਦ ਕਰਨ ਦੀ ਗੱਲ ਕਹੀ ਜਾ ਰਹੀ ਹੈ।

ਅਸਲ ਵਿੱਚ ਮੈਂਬਰਸ਼ਿਪ ਮੁਹਿੰਮ ਵਿੱਚ ਮੈਂਬਰ ਬਣਨ ਵਾਲੇ ਵਿਅਕਤੀ ਦਾ ਅੱਠ ਸੈਕਿੰਡ ਦਾ ਵੀਡੀਓ ਪਾਰਟੀ ਦੇ ਐਪ ਉੱਤੇ ਅਪਲੋਡ ਕਰਨਾ ਸੀ। ਬਹੁਤ ਸਾਰੇ ਯੂਥ ਕਾਂਗਰਸ ਆਗੂਆਂ ਨੇ ਮੈਂਬਰਾਂ ਦੀ ਗਿਣਤੀ ਵਧਾਉਣ ਲਈ ਹਫੜਾ-ਦਫੜੀ ਵਿੱਚ ਕੁੱਤੇ, ਬਿੱਲੀਆਂ ਤੇ ਗਾਵਾਂ ਦੇ ਵੀਡੀਓ ਅਪਲੋਡ ਕਰ ਕੇ ਮੈਂਬਰਸ਼ਿਪ ਦਿਵਾ ਦਿੱਤੀ। ਏਹੀ ਨਹੀਂ, ਇਨ੍ਹਾਂ ਲਈ ਪ੍ਰਤੀ ਮੈਂਬਰ ਪੰਜਾਹ ਰੁਪਏ ਫੀਸ ਵੀ ਜਮ੍ਹਾ ਕਰਵਾ ਦਿੱਤੀ। ਸਟੇਟ ਯੂਥ ਕਾਂਗਰਸ ਦੀ ਚੋਣ ਲਈ ਵੋਟਿੰਗ 12 ਜੂਨ ਰਾਤ 12 ਵਜੇ ਖਤਮ ਹੋਈ। ਇਸ ਦੇ ਲਈ ਕਰੀਬ 17 ਲੱਖ ਮੈਂਬਰ ਬਣਾਏ ਗਏ। ਯੂਥ ਕਾਂਗਰਸ ਦੇ ਸੂਤਰਾਂ ਮਤੁਾਬ ਸੂਬੇ ਵਿੱਚ ਚਾਰ ਹਜ਼ਾਰ ਤੋਂ ਵੱਧ ਉਮੀਦਵਾਰ ਮੈਦਾਨ ਵਿੱਚ ਹਨ। ਸੂਬਾ ਪ੍ਰਧਾਨ ਦੇ ਅਹੁਦੇ ਲਈ 12 ਉਮੀਦਵਾਰ ਹਨ। ਇਨ੍ਹਾਂ ਦੀ ਨਾਮਜ਼ਦਗੀ ਅਤੇ ਵੋਟਿੰਗ ਦੀ ਫੀਸ ਤੋਂ ਯੂਥ ਕਾਂਗਰਸ ਦੇ ਖਾਤੇ ਵਿੱਚ ਕਰੀਬ 11 ਕਰੋੜ ਰੁਪਏ ਪਹੁੰਚ ਗਏ ਹਨ।

# ਐਮਾਜ਼ੋਨ ਕੰਪਨੀ 200 ਕਰੋੜ ਰੁਪਏ ਦਾ ਜੁਰਮਾਨਾ ਭਰੇਗੀ




ਨਵੀਂ ਦਿੱਲੀ, 14 ਜੂਨ (ਪੋਸਟ ਬਿਊਰੋ)- ਐਨ ਸੀ ਐਲ ਏ ਟੀ ਨੇ ਅਮਰੀਕੀ ਈ-ਕਾਮਰਸ ਕੰਪਨੀ ਐਮਾਜ਼ੋਨ ਨੂੰ ਵੱਡਾ ਝਟਕਾ ਦਿੱਤਾ ਹੈ। ਟ੍ਰਿਬਿਊਨਲ ਨੇ ਭਾਰਤੀ ਮੁਕਾਬੇਲਬਾਜ਼ੀ ਕਮਿਸ਼ਨ (ਸੀ ਸੀ ਆਈ) ਦੇ ਇੱਕ ਫੈਸਲੇ ਖ਼ਿਲਾਫ ਦਾਖ਼ਲ ਐਮਾਜ਼ੋਨ ਦੀ ਪਟੀਸ਼ਨ ਕੱਲ੍ਹ ਰੱਦ ਕਰ ਦਿੱਤਾ ਹੈ।

ਸੀ ਸੀ ਆਈ ਨੇ ਪਿਛਲੇ ਸਾਲ ਐਮਾਜ਼ੋਨ ਅਤੇ ਫਿਊਚਰ ਕੂਪਨਸ ਵਿਚਾਲੇ ਹੋਏ ਸੌਦੇ ਨੂੰ ਸਸਪੈਂਡ ਕਰਦੇ ਹੋਏ 200 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਸੀ। ਐਨ ਸੀ ਐਲ ਏ ਟੀ ਦੇ ਦੋ ਮੈਂਬਰੀ ਬੈਂਚ ਨੇ ਕਿਹਾ ਕਿ ਐਮਾਜ਼ੋਨ ਨੇ ਫਿਊਚਰ ਕੂਪਨਸ ਨਾਲ ਕੀਤੇ ਗਏ ਸੌਦੇ ਵਿੱਚ ਪੂਰਨ ਅਤੇ ਸਹੀ ਜਾਣਕਾਰੀ ਨਹੀਂ ਦਿੱਤੀ ਸੀ। ਐਨ ਸੀ ਐਲ ਏ ਟੀ ਨੇ ਸੀ ਸੀ ਆਈ ਦਾ ਹੁਕਮ ਕਾਇਮ ਰੱਖਿਆ ਅਤੇ ਕਿਹਾ ਕਿ ਐਮਾਜ਼ੋਨ ਨੇ ਫਿਊਚਰ ਰਿਟੇਲ ਲਿਮਟਿਡ ਨਾਲ ਜੁੜੇ ਹਿੱਤਾਂ ਦੀ ਜਾਣਕਾਰੀ ਨਹੀਂ ਦਿੱਤੀ। ਸੀ ਸੀ ਆਈ ਨੇ ਫਿਊਚਰ ਕੂਪਨਸ ਪ੍ਰਾਈਵੇਟ ਲਿਮਟਿਡ (ਐਫ ਸੀ ਪੀ ਐਲ) ਦੀ 49 ਫੀਸਦੀ ਹਿੱਸੇਦਾਰੀ ਬਾਰੇ ਐਮਾਜ਼ੋਨ ਨਾਲ ਹੋਏ ਸੌਦੇ ਨੂੰ 2019 ਵਿੱਚ ਮਨਜ਼ੂਰੀ ਦਿੱਤੀ ਸੀ, ਪਰ ਪਿਛਲੇ ਸਾਲ ਦਸੰਬਰ ਵਿੱਚ ਸੀ ਸੀ ਆਈ ਨੇ ਇਸ ਮਨਜ਼ੂਰੀ ਨੂੰ ਸਸਪੈਂਡ ਕਰ ਦਿੱਤਾ ਸੀ। ਸੀ ਸੀ ਆਈ ਨੇ ਐਮਾਜ਼ੋਨ ਉੱਤੇ ਮਨਜ਼ੂਰੀ ਲਈ ਜਾਣਕਾਰੀ ਲੁਕਾਉਣ ਦਾ ਦੋਸ਼ ਲਾਉਂਦੇ ਹੋਏ 202 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਸੀ। ਇਸ ਵਿੱਚ 200 ਕਰੋੜ ਰੁਪਏ ਦਾ ਜੁਰਮਾਨਾ ਜ਼ਰੂਰੀ ਸ਼ਰਤਾਂ ਵਿੱਚ ਬਦਲਾਅ ਅਤੇ ਇੱਕ-ਇੱਕ ਕਰੋੜ ਰੁਪਏ ਦਾ ਜੁਰਮਾਨਾ ਅਸਲ ਦਾਇਰਾ ਅਤੇ ਸ਼ਰਤਾਂ ਨੂੰ ਲੁਕਾਉਂਦਾ ਲਾਇਆ ਸੀ। ਐਨ ਸੀ ਐਲ ਏ ਟੀ ਨੇ ਇੱਕ-ਇੱਕ ਕਰੋੜ ਰੁਪਏ ਜੁਰਮਾਨੇ ਨੂੰ ਜ਼ਿਆਦਾ ਮੰਨਦੇ ਹੋਏ ਇਸ ਨੂੰ ਘਟਾ ਕੇ 50-50 ਲੱਖ ਰੁਪਏ ਕਰ ਦਿੱਤਾ ਹੈ।ਟ੍ਰਿਬਿਊਨਲ ਨੇ 45 ਦਿਨਾਂ ਦੇ ਅੰਦਰ ਜੁਰਮਾਨੇ ਦੀ ਰਾਸ਼ੀ ਜਮ੍ਹਾ ਕਰਨ ਦਾ ਹੁਕਮ ਦਿੱਤਾ ਹੈ। ਫਿਊਚਰ ਰਿਟੇਲ ਲਿਮਟਿਡ ਐਫ ਸੀ ਪੀ ਐਲ ਦੀ ਪਰਮੋਟਰ ਹੈ। ਫਿਊਚਰ ਰਿਟੇਲ ਅਤੇ ਰਿਲਾਇੰਸ ਰਿਟੇਲ ਵਿਚਾਲੇ 2020 ਵਿੱਚ 24,714 ਕਰੋੜ ਰੁਪਏ ਦਾ ਇੱਕ ਸੌਦਾ ਹੋਇਆ ਸੀ।

# ਰਾਜਸਥਾਨ ਵਿੱਚ ਰਾਖਵਾਂਕਰਨ ਅੰਦੋਲਨ ਮੁੜ ਕੇ ਭੜਕਿਆ

ਭਰਤਪੁਰ, 14 ਜੂਨ (ਪੋਸਟ ਬਿਊਰੋ)- ਰਾਜਸਥਾਨ ਵਿੱਚ ਇੱਕ ਵਾਰ ਫਿਰ ਰਾਖਵਾਂਕਰਨ ਦੀ ਮੰਗ ਲਈ ਅੰਦੋਲਨ ਸ਼ੁਰੂ ਹੋ ਗਿਆ ਹੈ। ਇਸ ਵਾਰ ਮਾਲੀ, ਕੁਸ਼ਵਾਹਾ ਸ਼ਾਕਿਆ, ਮੌਰਿਆ ਸਮਾਜ ਨੇ ਵੱਖਰੇ 12 ਫ਼ੀਸਦੀ ਰਾਖਵਾਂਕਰਨ ਦੀ ਮੰਗ ਕੀਤੀ ਹੈ। ਸਮਾਜ ਦੇ ਸੈਂਕੜੇ ਲੋਕਾਂ ਨੇ ਹੱਥਾਂ ਵਿੱਚ ਲਾਠੀਆਂ ਲੈ ਕੇ ਭਰਤਪੁਰ ਵਿੱਚ ਨੈਸ਼ਨਲ ਹਾਈਵੇ-21 (ਆਗਰਾ-ਜੈਪੁਰ) ਜਾਮ ਕਰ ਦਿੱਤਾ। 24 ਘੰਟੇ ਤੋਂ ਹਾਈਵੇ ਜਾਮ ਹੈ।ਸਰਕਾਰ ਨੇ ਮੰਤਰੀ ਵਿਸ਼ਵੇਂਦਰ ਸਿੰਘ ਅਤੇ ਡਵੀਜ਼ਨਲ ਕਮਿਸ਼ਨਰ ਨੂੰ ਅੰਦੋਲਨਕਾਰੀਆਂ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕਰਨ ਲਈ ਅਧਿਕਾਰਤ ਕਰ ਦਿੱਤਾ ਹੈ। ਰਾਖਵਾਂਕਰਨ ਸੰਘਰਸ਼ ਕਮੇਟੀ ਦੇ ਸਰਪ੍ਰਸਤ ਲਕਸ਼ਮਣ ਸਿੰਘ ਕੁਸ਼ਵਾਹਾ ਨੇ ਕਿਹਾ ਕਿ ਸਮਾਜ ਦੇ ਲੋਕ ਸੰਵਿਧਾਨ ਦੇ ਤਹਿਤ ਰਾਖਵਾਂਕਰਨ ਦੀ ਮੰਗ ਕਰਦੇ ਹਨ। ਸੰਵਿਧਾਨ ਦੀ ਧਾਰਾ 16 (4) ਵਿੱਚ ਵਿਵਸਥਾ ਹੈ ਕਿ ਜੋ ਜਾਤੀਆਂ ਅਤਿ ਪੱਛੜੀਆਂ ਹਨ, ਉਨ੍ਹਾਂ ਨੂੰ ਸੂਬਾ ਸਰਕਾਰ ਆਪਣੇ ਪੱਧਰ ਉੱਤੇ ਰਾਖਵਾਂਕਰਨ ਦੇ ਸਕਦੀ ਹੈ। ਇਸ ਦਾ ਕੇਂਦਰ ਨਾਲ ਕੋਈ ਮਤਲਬ ਨਹੀਂ। ਅੱਜਉਨ੍ਹਾਂ ਦੇ ਸਮਾਜ ਵਿੱਚ ਨਾ ਕੋਈ ਆਈ ਏ ਐਸ ਅਧਿਕਾਰੀ ਅਤੇ ਨਾ ਆਰ ਏ ਐਸ ਹੈ।ਕੁਸ਼ਵਾਹਾ ਨੇ ਕਿਹਾ ਕਿ ਕਾਚੀ (ਮਾਲੀ) ਸਮਾਜ ਅਤਿ ਪੱਛੜੇ ਸਮਾਜ ਵਿੱਚ ਹੈ। ਕਾਚੀ ਸਮਾਜ ਦੀ ਆਬਾਦੀ 12 ਫ਼ੀਸਦੀ ਹੈ, ਇਸ ਲਈ ਅਸੀਂ ਆਬਾਦੀ ਦੇ ਆਧਾਰ ਉੱਤੇ ਰਾਖਵਾਂਕਰਨ ਮੰਗ ਰਹੇ ਹਾਂ। ਇਸ ਨੂੰ ਲੈ ਕੇ ਮੁੱਖ ਮੰਤਰੀ ਨੂੰ ਮਿਲ ਚੁੱਕੇ ਹਾਂ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਇਸ ਉੱਤੇ ਵਿਚਾਰ ਕੀਤਾ ਜਾਵੇਗਾ ਪਰ ਅੱਜ ਤਕ ਕੋਈ ਵਿਚਾਰ ਨਹੀਂ ਕੀਤਾ।

## ਪੁਰਸ਼ ਗਰਭ ਨਿਰੋਧਕ ਗੋਲੀਆਂ ਬਾਰੇ ਨਵੇਂ ਖੁਲਾਸੇ

ਨਿਊ ਯਾਰਕ, 14 ਜੂਨ (ਪੋਸਟ ਬਿਊਰੋ)- ਪੁਰਸ਼ ਗਰਭ ਨਿਰੋਧਕ ਗੋਲੀਆਂ ਬਾਰੇ ਦੋ ਟੈਸਟਾਂ ਤੋਂ ਪਤਾ ਲੱਗਾ ਹੈ ਕਿ ਇਹ ਗੋਲੀਆਂ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਪ੍ਰਭਾਵਸ਼ਾਲੀ ਰੂਪ ਵਿੱਚ ਟੈਸਟੋਸਟੇਰੋਨ ਨੂੰ ਘੱਟ ਕਰਦੀਆਂ ਹਨ।

ਇਹ ਖੁਲਾਸਾ ਇੱਕ ਨਵੀਂ ਖੋਜ ਵਿੱਚ ਹੋਇਆ ਹੈ। ਡੀ ਐਸ ਏ ਯੂ ਅਤੇ 11 ਬੀਟਾ-ਐਮ ਐਨ ਟੀ ਡੀ ਸੀ ਨਾਮਕ ਦਵਾਈਆਂ, ਪ੍ਰੋਜੈਸਟੋਜੈਨਿਕ ਐਂਡਰੋਜਨ ਨਾਮਕ ਦਵਾਈਆਂ ਦੇ ਵਰਗ ਦਾ ਹਿੱਸਾ ਹਨ। ਇਹ ਦਵਾਈਆਂ ਟੈਸਟੋਸਟੇਰੋਨ ਨੂੰ ਘੱਟ ਕਰ ਦਿੰਦੀਆਂ ਹਨ, ਜਿਸ ਨਾਲ ਸ਼ੁਕਰਾਣੂਆਂ ਦੀ ਗਿਣਤੀ ਘੱਟ ਹੋ ਜਾਂਦੀ ਹੈ। ਯੂਨਿਸ ਕੈਨੇਡੀ ਸ਼ਰਾਈਵਰ ਨੈਸ਼ਨਲ ਇੰਸਟੀਚਿਊਟ ਆਫ ਚਾਈਲਡ ਹੈਲਥ ਐਂਡ ਹਿਊਮਨ ਡਿਵੈਲਪਮੈਂਟ ਵਿੱਚ ਗਰਭ ਨਿਰੋਧਕ ਵਿਕਾਸ ਪ੍ਰੋਗਰਾਮ ਦੇ ਪ੍ਰਮੁੱਖ ਖੋਜਕਰਤਾ ਨੇ ਕਿਹਾ ਕਿ ਪੁਰਸ਼ ਗਰਭ ਨਿਰੋਧਕ ਦਾ ਬਦਲ ਮੌਜੂਦਾ ਸਮੇਂ ਵਿੱਚ ਪੁਰਸ਼ ਨਸਬੰਦੀ ਅਤੇ ਕੰਡੋਮ ਤਕ ਹੀ ਸੀਮਿਤ ਹਨ, ਇਸ ਦਾ ਮਤਲਬ ਹੈ ਕਿ ਔਰਤਾਂ ਦੀ ਤੁਲਨਾ ਵਿੱਚ ਮਰਦਾਂ ਦੇ ਕੋਲ ਘੱਟ ਬਦਲ ਹਨ।

# ਉਤਰੀ ਕੋਰੀਆ ਵੱਲੋਂ ਫਾਇਰਿੰਗ ਵੇਲੇ ਦੱਖਣੀ ਕੋਰੀਅਨ ਰਾਸ਼ਟਰਪਤੀ ਫਿਲਮ ਦੇਖਣ ਵਿੱਚ ਮਸਤ



ਸਿਓਲ, 14 ਜੂਨ (ਪੋਸਟ ਬਿਊਰੋ)- ਉਤਰੀ ਕੋਰੀਆ ਵੱਲੋਂ ਕੱਲ੍ਹ ਸਵੇਰੇ ਰਾਕੇਟ ਲਾਂਚਰ ਨਾਲ ਗੋਲੀਆਂ ਚਲਾਈਆਂ ਗਈਆਂ। ਉਤਰ ਕੋਰੀਆ ਦੀ ਇਸ ਹਰਕਤ ਦੇ ਕੁਝ ਘੰਟੇ ਬਾਅਦ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂੰ ਸੁਕ-ਯੋਲ ਅਤੇ ਫਸਟ ਲੇਡੀ ਕਿਮ ਕੇਓਨ-ਹੀ ਨੇ ਰਾਜਧਾਨੀ ਸਿਓਲ ਦੇਇਕ ਥੀਏਟਰ ਵਿੱਚ ਕਾਨ ਪੁਰਸਕਾਰ ਜੇਤੂ ਫਿਲਮ 'ਬ੍ਰੋਕਰ' ਦੇਖੀ। ਗੋਲੀਬਾਰੀ ਦੇ ਦਿਨ ਰਾਸ਼ਟਰਪਤੀ ਦੇ ਫਿਲਮ ਦੇਖਣਤੋਂ ਦੱਖਣੀ ਕੋਰੀਆ ਵਿੱਚ ਹੰਗਾਮਾ ਹੋ ਗਿਆ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਰਾਸ਼ਰਪਤੀ ਲਈ ਅਜਿਹੇ ਸਮੇਂ ਵਿੱਚ ਫਿਲਮ ਦੇਖਣਾ ਠੀਕ ਨਹੀਂ ਮੰਨਿਆ ਜਾਵੇਗਾ, ਜਦੋਂ ਉਤਰੀ ਕੋਰੀਆ ਨੇ ਕੁਝ ਘੰਟੇ ਪਹਿਲਾਂ ਗੋਲੀਆਂ ਚਲਾਈਆਂ ਸਨ। ਹੰਗਾਮੇ ਨੂੰ ਠੰਢਾ ਕਰਨ ਲਈ ਰਾਸ਼ਟਰਪਤੀ ਨੂੰ ਸਪੱਸ਼ਟੀਕਰਨ ਦੇਣਾ ਪਿਆ।ਕੱਲ੍ਹ ਆਪਣੇ ਦਫ਼ਤਰ ਪੁੱਜੇ ਰਾਸ਼ਟਰਪਤੀ ਸੁਕ-ਯੋਲ ਨੇ ਕਿਹਾ ਕਿ ਉਨ੍ਹਾਂ ਨੇ ਫਸਟ ਲੇਡੀ ਨਾਲ ਫਿਲਮ ਦੇਖ ਕੇ ਕੁਝ ਗਲਤ ਨਹੀਂ ਕੀਤਾ। ਉਤਰ ਕੋਰੀਆ ਦੀ ਗੋਲੀਬਾਰੀ ਬਾਰੇ ਸਾਡੀ ਸਰਕਾਰ ਨੇ ਉਹੀ ਕਦਮ ਚੁੱਕਿਆ, ਜਿਸਦੀ ਲੋੜ ਸੀ। ਕੱਲ੍ਹ ਸਵੇਰੇ 8.07 ਵਜੇ ਤੋਂ 11.03 ਦਰਮਿਆਨ ਗੋਲੀਬਾਰੀ ਦਾ ਪਤਾ ਲੱਗਾ ਸੀ।

# ਮਰਦ-ਔਰਤ ਇਕੱਠੇ ਰਹਿਣ ਤਾਂ ਵਿਆਹ ਹੋਇਆ ਮੰਨਿਆ ਜਾਂਦੈ: ਸੁਪਰੀਮ ਕੋਰਟ

ਨਵੀਂ ਦਿਲੀ, 14 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਜਾਇਦਾਦੀ ਝਗੜੇ ਦੇ ਇੱਕ ਕੇਸ ਦਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਹ ਤੈਅ ਵਿਵਸਥਾ ਹੈ ਕਿ ਜੇ ਮਰਦ-ਔਰਤ ਕਈ ਸਾਲਾਂ ਤੋਂ ਪਤੀ-ਪਤਨੀ ਵਾਂਗ ਇਕੱਠੇ ਰਹਿੰਦੇ ਹੋਣ ਤਾਂ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦਾ ਵਿਆਹ ਹੋਇਆ ਹੈ। ਇਸ ਧਾਰਨਾ ਦਾ ਖੰਡਨ ਕੀਤਾ ਜਾ ਸਕਦਾ ਹੈ, ਪ੍ਰੰਤੂ ਖੰਡਨ ਕਰਨ ਵਾਲੇਦੀ ਜ਼ਿੰਮੇਵਾਰੀ ਹੈ ਕਿ ਸਾਬਤ ਕਰੇ ਕਿ ਵਿਆਹ ਨਹੀਂ ਹੋਇਆ।

ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਜਾਇਦਾਦ ਵਿੱਚ ਹਿੱਸਾ ਦੇਣ ਬਾਰੇ ਟਰਾਇਲ ਕੋਰਟ ਦਾ ਹੁਕਮ ਬਹਾਲ ਕਰ ਦਿਤਾ ਹੈ।ਹਾਈ ਕੋਰਟ ਨੇ ਪਟੀਸ਼ਨਰ ਨੂੰ ਜਾਇਦਾਦ ਵਿੱਚ ਹਿੱਸਾ ਦੇਣ ਦਾ ਹੇਠਲੀ ਕੋਰਟ ਦਾ ਹੁਕਮ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਪਟੀਸ਼ਨਰ ਦੇ ਮਾਤਾ-ਪਿਤਾ (ਦਾਮੋਦਰਨ ਤੇ ਚਿਰੂਥਾਕੁੱਟੀ) ਲੰਬੇ ਸਮੇਂ ਤਕ ਇਕੱਠੇ ਰਹੇ ਸਨ। ਦਸਤਾਵੇਜ਼ਾਂ ਤੋਂ ਸਿਰਫ ਇਹ ਸਾਬਤ ਹੁੰਦਾ ਹੈ ਕਿ ਉਹ (ਪਟੀਸ਼ਨਕਰਤਾ) ਦਾਮੋਦਰਨ ਦਾ ਪੁੱਤਰ ਹੈ, ਪ੍ਰੰਤੂ ਉਹ ਕਾਨੂੰਨੀ ਤੌਰ ਉੱਤੇ ਪੁੱਤਰ ਨਹੀਂ, ਇਸ ਲਈ ਹਾਈ ਕੋਰਟ ਨੇ ਜਾਇਦਾਦ ਦੀ ਵੰਡ ਤੋਂ ਨਾਂਹ ਕਰ ਦਿੱਤੀ ਸੀ। ਪਟੀਸ਼ਨਰ ਨੇ ਬਾਅਦ ਵਿੱਚ ਇਸ ਫੈਸਲੇ ਦੇ ਖ਼ਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ।

ਜਸਟਿਸ ਐਸ ਅਬਦੁਲ ਨਜ਼ੀਰ ਅਤੇ ਜਸਟਿਸ ਵਿਕਰਮਨਾਥ ਦੀ ਬੈਂਚ ਨੇ ਕੱਲ੍ਹ ਦਿੱਤੇ ਫੈਸਲੇ ਵਿੱਚ ਪਟੀਸ਼ਨਰ ਕੱਟੂਕੰਡੀ ਇਦਾਥਿਲ ਕ੍ਰਿਸ਼ਨ ਦੀ ਅਪੀਲ ਪ੍ਰਵਾਨ ਕਰ ਕੇ ਕਿਹਾ ਕਿ ਇਹ ਤੈਅ ਵਿਵਸਥਾ ਹੈ ਕਿ ਜੇ ਮਰਦ-ਔਰਤ ਬਹੁਤ ਸਾਲਾਂ ਤਕ ਪਤੀ-ਪਤਨੀ ਵਾਂਗ ਰਹਿੰਦੇ ਹਨ ਤਾਂ ਉਨ੍ਹਾਂ ਦੇ ਵਿਆਹੇ ਹੋਣ ਦੀ ਧਾਰਨਾ ਹੁੰਦੀ ਹੈ। ਇਸ ਦਾ ਖੰਡਨ ਹੋ ਸਕਦਾ ਹੈ, ਪਰ ਜੋ ਉਸ ਰਿਸ਼ਤੇ ਨੂੰ ਨਕਾਰੇਗਾ, ਉਸਦੀ ਸਾਬਤ ਕਰਨ ਦੀ ਜ਼ਿੰਮੇਵਾਰੀ ਹੈ ਕਿ ਵਿਆਹ ਨਹੀਂ ਹੋਇਆ। ਸੁਪਰੀਮ ਕੋਰਟ ਨੇ ਇਸ ਬਾਰੇ ਪਹਿਲਾਂ ਦੇ ਕਈ ਫੈਸਲਿਆਂ ਦਾ ਜ਼ਿਕਰ ਕੀਤਾ, ਜਿਸ ਵਿੱਚ ਇਹ ਗੱਲ ਦੋਹਰਾਈ ਗਈ ਹੈ। ਕੋਰਟ ਨੇ ਜਾਇਦਾਦ ਵਿੱਚ ਹਿੱਸਾ ਮੰਗਦੇ ਪਟੀਸ਼ਨਰ ਅਤੇ ਮੰਗ ਦਾ ਵਿਰੋਧ ਕਰਦੀ ਧਿਰ ਵੱਲੋਂ ਟਰਾਇਲ ਕੋਰਟ ਤੇ ਹਾਈ ਕੋਰਟ ਵਿੱਚ ਪੇਸ਼ ਸਬੂਤਾਂ ਦਾ ਵਿਸ਼ਲੇਸ਼ਣ ਕਰ ਕੇ ਕਿਹਾ ਕਿ ਪਟੀਸ਼ਨਰ ਦਾ ਕਹਿਣਾ ਹੈ ਕਿ ਦਾਮੋਦਰਨ ਅਤੇ ਚਿਰੂਥਾਕੁੱਟੀ ਦਾ ਵਿਆਹ 1940 ਵਿੱਚ ਹੋਇਆ ਸੀ। 12 ਮਈ 1942 ਨੂੰ ਪਟੀਸ਼ਨਰ ਕ੍ਰਿਸ਼ਨਨ ਦਾ ਜਨਮ ਹੋਇਆ ਜਿਸ ਦੇ ਸਬੂਤ ਪੇਸ਼ ਕੀਤੇ ਹਨ। ਪਟੀਸ਼ਨਰ ਵੱਲੋਂ ਪੇਸ਼ ਦਸਤਾਵੇਜ਼ਾਂ ਤੇ ਗਵਾਹਾਂ ਤੋਂ ਸਾਬਤ ਹੁੰਦਾ ਹੈ ਕਿ ਦਾਮੋਦਰਨ ਤੇ ਚਿਰੂਥਾਕੁੱਟੀ ਵਿਚਾਲੇ ਲੰਬੇ ਸਮੇਂ ਤਕ ਪਤੀ-ਪਤਨੀ ਦੀ ਤਰ੍ਹਾਂ ਸੰਬੰਧ ਸਨ। ਪਟੀਸ਼ਨਰ ਨੇ 1963 ਵਿੱਚ ਫੌਜ ਦੀ ਨੌਕਰੀ ਜੁਆਇਨ ਕੀਤੀ ਅਤੇ 1979 ਵਿੱਚ ਸੇਵਾਮੁਕਤ ਹੋਇਆ। ਉਸ ਦੇ ਬਾਅਦ ਉਸ ਨੇ ਜਾਇਦਾਦ ਦੀ ਵੰਡ ਦਾ ਕੇਸ ਕੀਤਾ। ਕੋਰਟ ਨੇ ਕਿਹਾ ਕਿ ਉਨ੍ਹਾਂ ਨੇ ਪਟੀਸ਼ਨਰ ਧਿਰ ਵੱਲੋਂ ਪੇਸ਼ ਸਬੂਤ ਦੇਖੇ ਹਨ। ਪਟੀਸ਼ਨਰ ਧਿਰ ਦਾਮੋਦਰਨ ਅਤੇ ਚਿਰੂਥਾਕੁੱਟੀ (ਪਟੀਸ਼ਨਕਰਤਾ ਦੇ ਮਾਤਾ-ਪਿਤਾ) ਦਾ ਵਿਆਹ ਨਾ ਹੋਣ ਦਾ ਦਾਅਵਾ ਸਾਬਤ ਕਰਨ ਵਿੱਚ ਨਾਕਾਮ ਰਿਹਾ ਹੈ।

# ਪੰਜਾਬ ਸਰਕਾਰ ਦਾ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ ਨਾਲ ਸਮਝੌਤਾ



ਚੰਡੀਗੜ, 14 ਜੂਨ (ਗਿਆਨ ਸਿੰਘ)- ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ ਮਾਈਕਰੋ, ਸਮਾਲ ਅਤੇ ਮੀਡੀਅਮ ਐਂਟਰਪ੍ਰਾਈਜ਼ (ਐਮ.ਐਸ.ਐਮ.ਈ) ਸੈਕਟਰ ਨੂੰ ਉਤਸਾਹਿਤ ਕਰਨ, ਵਿਕਾਸ ਕਰਨ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਪ੍ਰਾਇਮਰੀ ਵਿੱਤੀ ਸੰਸਥਾ ਹੈ ਅਤੇ ਭਾਰਤ ਵਿੱਚ ਐਮ.ਐਸ.ਐਮ.ਈ ਵਿੱਤ ਕੰਪਨੀਆਂ ਦੇ ਸਮੁੱਚੇ ਲਾਇਸੈਂਸ ਅਤੇ ਰੈਗੂਲੇਸ਼ਨ ਲਈ ਅਪੈਕਸ ਰੈਗੂਲੇਟਰੀ ਸੰਸਥਾ ਹੈ। ਰਾਜ ਵਿੱਚ ਐਮ.ਐਸ.ਐਮ.ਈ ਈਕੋਸਿਸਟਮ ਦੇ ਵਿਕਾਸ ਅਤੇ ਐਂਟਰਪ੍ਰੀਨਿਓਰਸ਼ਿਪ ਕਲਚਰ ਨੂੰ ਉਤਸਾਹਿਤ ਕਰਨ ਲਈ, ਪੰਜਾਬ ਸਰਕਾਰ ਨੇ ਅੰਬ੍ਰੇਲਾ ਪ੍ਰੋਗਰਾਮ 'ਮਿਸ਼ਨ ਸਵਾਵਲੰਬਨ' ਤਹਿਤ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ ਨਾਲ ਇੱਕ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮਓਯੂ) ਤਿੰਨ ਸਾਲ ਵਾਸਤੇ ਹਸਤਾਖਰ ਕੀਤਾ ਹੈ, ਜਿਸ ਵਿੱਚ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ ਰਾਜ ਵਿੱਚ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਸਥਾਪਤ ਕਰੇਗਾ।

ਪ੍ਰੋਗਰਾਮ ਬਾਰੇ ਵਿਸਥਾਰ ਵਿੱਚ ਦੱਸਦੇ ਹੋਏ ਸ਼੍ਰੀ ਦਿਲੀਪ ਕੁਮਾਰ, ਪ੍ਰਮੁੱਖ ਸਕੱਤਰ, ਉਦਯੋਗ ਤੇ ਕਾਮਰਸ, ਪੰਜਾਬ ਨੇ ਕਿਹਾ ਕਿ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਇਸ ਪ੍ਰੋਗਰਾਮ ਤਹਿਤ ਆਈਡੈਂਟੀਫਾਈਡ ਉਦੇਸ਼ਾਂ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਅਤੇ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ ਦੇ ਨਾਲ ਨਜਦੀਕੀ ਤਾਲਮੇਲ ਵਿੱਚ ਕੰਮ ਕਰੇਗਾ। ਇਸ ਦੇ ਨਾਲ ਹੀ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਕਾਰਜਕੁਸ਼ਲਤਾ ਨੂੰ ਵਧਾਉਣ ਅਤੇ ਰੁਕਾਵਟਾਂ ਨੂੰ ਦੂਰ ਕਰਨ ਦੇ ਉਦੇਸ਼ ਨਾਲ ਸਕੀਮਾਂ/ਇੰਟਰਵੈਂਸ਼ਨਸ/ਇਨੀਸ਼ੀਏਟਿਵ/ਪ੍ਰੋਜੈਕਟਾਂ ਆਦਿ ਦੇ ਮੌਜੂਦਾ ਢਾਂਚੇ ਵਿੱਚ ਸੋਧਾਂ ਦਾ ਸੁਝਾਅ ਦੇਵੇਗਾ। ਇਹ ਰਾਜ ਵਿੱਚ ਐਮ.ਐਸ.ਐਮ.ਈ ਯੂਨਿਟਾਂ ਨੂੰ ਡਿਜੀਟਲ ਪਲੇਟਫਾਰਮਾਂ 'ਤੇ ਲਿਆਉਣ ਵਿੱਚ ਸਹਾਈ ਸਿੱਧ ਹੋਵੇਗਾ ਅਤੇ ਰਾਜ ਸਰਕਾਰ ਨਾਲ ਮਿਲ ਕੇ ਐਮ.ਐਸ.ਐਮ.ਈ ਲਈ ਲੋੜ-ਅਧਾਰਿਤ ਸਕੀਮਾਂ/ਉਤਪਾਦਾਂ/ਇੰਟਰਵੈਂਸ਼ਨਸ ਨੂੰ ਡਿਜ਼ਾਈਨ/ਵਿਕਸਤ ਕਰਨ ਦਾ ਕੰਮ ਕਰੇਗਾ। ਇਹ ਸਰਕਾਰ ਵੱਲੋਂ ਐਮ.ਐਸ.ਐਮ.ਈ ਲਈ ਪਲਾਨ ਕੀਤੇ ਗਏ ਇੰਨੀਸ਼ੀਏਟਿਵਜ਼ ਲਈ ਤਕਨੀਕੀ/ਸਲਾਹਕਾਰੀ ਸਹਾਇਤਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਇਹ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਨੂੰ ਸਥਾਨਕ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਸਾਰ ਇੰਨੋਵੇਟਿਵ ਕਲੱਸਟਰ ਅਤੇ ਸੈਕਟਰ ਸਪੈਸੀਫਿਕ ਵਿੱਤੀ ਉਤਪਾਦਾਂ ਨੂੰ ਲੋਚ ਕਰਨ ਵਿੱਚ ਵੀ ਗਾਈਡ ਕਰੇਗਾ, ਜਿਸ ਨਾਲ ਐਮ.ਐਸ.ਐਮ.ਈ ਦੀ ਵਿੱਤ ਤੱਕ ਪਹੁੰਚ ਵਿੱਚ ਵਾਧਾ ਹੋਵੇਗਾ।

ਇਹ ਸਮਝੌਤਾ ਪੇਂਡੂ/ਅਨਸਰਵਡ ਖੇਤਰਾਂ ਵਿੱਚ ਮਾਈਕਰੋ ਐਂਟਰਪ੍ਰਾਈਜ਼ ਨੂੰ ਉਤਸਾਹਿਤ ਕਰਨ ਲਈ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ।

# ਮੋਗਾ ਵਿਖੇ ਪਾਸਪੋਰਟ ਐਪਲੀਕੇਸ਼ਨ ਕੋਟਾ 80 ਤੱਕ ਵਧਾਇਆ: ਆਰ ਪੀ ਓ ਯਸ਼ਪਾਲ

*ਬਿਨੈਕਾਰਾਂ ਨੂੰ ਸਲਾਟ ਦੀ ਉਪਲਬੱਧਤਾ ਵੈਬਸਾਈਟ 'ਤੇ ਚੈੱਕ ਕਰਨ ਦਾ ਸੱਦਾ



ਮੋਗਾ, 14 ਜੂਨ (ਗਿਆਨ ਸਿੰਘ)- ਰਿਜ਼ਨਲ ਪਾਸਪੋਰਟ ਅਫ਼ਸਰ, ਜਲੰਧਰ ਯਸ਼ਪਾਲ ਨੇ ਦੱਸਿਆ ਕਿ ਪੋਸਟ ਆਫਿਸ ਪਾਸਪੋਰਟ ਸੇਵਾ ਕੇਂਦਰ (ਪੀਓਪੀਐਸਕੇ) ਮੋਗਾ ਵਿਖੇ ਬਿਨੈਕਾਰਾਂ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਸਹੂਲਤਾਂ ਮੁਹੱਈਆ ਕਰਵਾਉਣ ਲਈ ਆਮ ਪਾਸਪੋਰਟ ਬਿਨੈਪੱਤਰ (ਨਵੇਂ ਅਤੇ ਰੀਨਿਊ) ਦਾ ਕੋਟਾ ਪ੍ਰਤੀ ਦਿਨ 60 ਤੋਂ ਵਧਾ ਕੇ 80 ਸਲਾਟ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਰਿਜ਼ਨਲ ਪਾਸਪੋਰਟ ਅਫ਼ਸਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪ੍ਰਤੀ ਦਿਨ 60 ਅਪਾਇੰਮੈਂਟ ਦਾ ਕੋਟਾ ਸੀ ਜਦਕਿ ਇਸ ਦੀ ਮੰਗ ਬਹੁਤ ਜ਼ਿਆਦਾ ਸੀ ਅਤੇ ਇਸ ਸੇਵਾ ਦੀ ਵਧੀ ਹੋਈ ਮੰਗ ਨੂੰ ਦੇਖਦਿਆਂ ਰਿਜ਼ਨਲ ਪਾਸਪੋਰਟ ਦਫ਼ਤਰ ਜਲੰਧਰ ਵਲੋਂ ਪਾਸਪੋਰਟ ਸੇਵਾਵਾਂ ਵਿੱਚ ਵਾਧਾ ਕਰਨ ਲਈ ਐਮਈਏ ਨੂੰ ਬੇਨਤੀ ਕੀਤੀ ਗਈ, ਜਿਸ ਨੂੰ ਸਵਿਕਾਰ ਕਰਦਿਆਂ ਇਸ ਦੇ ਵਿੱਚ 20 ਨਵੇਂ ਸਲਾਟ ਦਾ ਵਾਧਾ ਕੀਤਾ ਗਿਆ।

ਪਾਸਪੋਰਟ ਸਬੰਧੀ ਬਹਿਤਰੀਨ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਯਸ਼ਪਾਲ ਨੇ ਕਿਹਾ ਕਿ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਜਲੰਧਰ ਦਫ਼ਤਰ ਵਲੋਂ ਪਹਿਲਾਂ ਹੀ ਅਜਿਹੇ ਕਈ ਉਪਰਾਲੇ ਸ਼ੁਰੂ ਕੀਤੇ ਜਾ ਚੁੱਕੇ ਹਨ। ਉਨਾਂ ਕਿਹਾ ਕਿ ਬਿਨੈਕਾਰ ਆਨਲਾਈਨ ਅਦਾਇਗੀ ਅਤੇ ਅਪਲਾਈ ਕਰਨ ਤੋਂ ਬਾਅਦ ਸਿੱਧੇ ਹੀ ... 'ਤੇ ਪਾਸਪੋਰਟ ਅਤੇ ਪੀਸੀਸੀ ਅਪਾਇੰਮੈਂਟ ਚੈਕ ਅਤੇ ਬੁੱਕ ਕਰ ਸਕੇ ਹਨ। ਉਨਾਂ ਕਿਹਾ ਕਿ ਲੋਕਾਂ ਨੂੰ ਅਜਿਹੀਆਂ ਸੇਵਾਵਾਂ ਲਈ ਕਿਸੇ ਵਿਚੋਲੀਏ ਨਾਲ ਸਲਾਹ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪਾਸਪੋਰਟ ਦਫ਼ਤਰ ਵਲੋਂ ਅਜਿਹੀ ਕਿਸੇ ਵੀ ਸੰਸਥਾ ਜਾਂ ਵਿਚੋਲੇ ਨੂੰ ਅਧਿਕਾਰਤ ਨਹੀਂ ਕੀਤਾ ਗਿਆ। ਉਨਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਪਾਸਪੋਰਟ ਸਬੰਧੀ ਸੇਵਾਵਾਂ ਮੁਹੱਈਆ ਕਰਵਾਉਣ ਦਾ ਵਾਅਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਤੋਂ ਦੂਰ ਰਹਿਣ। ਉਨਾਂ ਕਿਹਾ ਕਿ ਉਹ ਸਿੱਧੇ ਤੌਰ 'ਤੇ ਅਧਿਕਾਰਤ ਪੋਰਟਲ ਰਾਹੀਂ ਸੇਵਾਵਾਂ ਦਾ ਲਾਭ ਉਠਾ ਸਕਦੇ ਹਨ।


ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202





Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119

647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਵੋਟਰ ਆਈ ਡੀ ਨਾਲ ਆਧਾਰ ਲਿੰਕ ਕਰੋ ਤੇ ਦੋ ਸੀਟਾਂ ਤੋਂ ਚੋਣ ਲੜਨ ਦੀ ਵਿਵਸਥਾ ਵੀ ਖਤਮ ਕਰੋ: ਚੋਣ ਕਮਿਸ਼ਨ

ਨਵੀਂ ਦਿੱਲੀ, 14 ਜੂਨ (ਪੋਸਟ ਬਿਊਰੋ)- ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਸੰਭਾਲਣ ਪਿੱਛੋਂ ਰਾਜੀਵ ਕੁਮਾਰ ਨੇ ਕਾਨੂੰਨ ਮੰਤਰਾਲੇ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਨ ਲਈ ਪੱਤਰ ਲਿਖਿਆ ਹੈ ਜਿਸ ਵਿੱਚ ਆਧਾਰ ਕਾਰਡ ਨੂੰ ਵੋਟਰ ਆਈ ਡੀ ਨਾਲ ਜੋੜਨ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਓਪੀਨਿਯਨ ਪੋਲ ਅਤੇ ਐਗਿਜ਼ਟ ਪੋਲ ਉੱਤੇਪਾਬੰਦੀ ਲਾਉਣ, ਇੱਕ ਉਮੀਦਵਾਰ ਦੇ ਇੱਕੋ ਸੀਟ ਤੋਂ ਚੋਣ ਲੜਨ ਅਤੇ ਪਾਤਰ ਲੋਕਾਂ ਨੂੰ ਵੋਟਰ ਵਜੋਂਰਜਿਸਟ੍ਰਡ ਕਰਨ ਲਈ ਚਾਰ ਕਟ-ਆਫ ਡੇਟਾਂ ਜਾਰੀ ਕਰਨ ਵਰਗੀਆਂ ਮੰਗਾਂ ਰੱਖੀਆਂਹਨ।




ਇਸ ਬਾਰੇ ਚੋਣ ਕਮਿਸ਼ਨਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਾਨੂੰਨ ਮੰਤਰਾਲੇ ਨੂੰ ਕੁਲ 6 ਪ੍ਰਸਤਾਵ ਭੇਜੇ ਹਨ। ਦਸੰਬਰ 2021 ਵਿੱਚ ਰਾਜਸਭਾ ਵਿੱਚ ਅਵਾਜ਼ ਦੀ ਵੋਟ ਨਾਲ ਚੋਣ ਕਾਨੂੰਨ (ਸੋਧ) 2021 ਰੱਦ ਕੀਤਾ ਗਿਆ ਸੀ। ਇਸ ਪਿੱਛੋਂ ਆਸਾਨੀ ਨਾਲ ਆਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਜੋੜਿਆ ਜਾ ਸਕਦਾ ਹੈ। ਉਸ ਦੌਰਾਨ ਇਸ ਸੋਧ ਦਾ ਵਿਰੋਧ ਕਰਦੇ ਹੋਏ ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਦਨ ਤੋਂ ਬਾਹਰ ਚਲੇ ਗਏ ਸਨ ਅਤੇ2016 ਵਿੱਚ ਚੋਣ ਕਮਿਸ਼ਨਨੇ ਅਪਣੀ ਹੈਡਬੁੱਕ ਵਿੱਚ ਚੋਣ ਸੁਧਾਰਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਕਈ ਪਾਰਟੀਆਂ ਰਜਿਸਟ੍ਰਡ ਹੁੰਦੀਆਂ ਹਨ ਪਰ ਕਦੀ ਵੀ ਚੋਣ ਨਹੀਂ ਲੜਦੀਆਂ, ਉਨ੍ਹਾਂ ਦੀ ਨਜ਼ਰ ਕੇਵਲ ਇਨਕਮ ਟੈਕਸ ਵਿੱਚ ਮਿਲਣ ਵਾਲੀ ਛੋਟ ਉੱਤੇ ਹੁੰਦੀ ਹੈ।

